# 36

# ‘‘ਕੀ ਤੈਨੂੰ ਨਿਹਚਾ ਹੈ?’’

**ਬਾਈਬਲ ਪਾਠ #14**

V. ਦੂਜੇ ਤੋਂ ਤੀਜੇ ਪਸਾਹ ਤਕ (ਚੱਲਦਾ)

ਢ. ਜੈਰੁਸ ਦੀ ਬੇਟੀ ਨੂੰ ਜੀਉਂਦਾ ਕਰਨਾ (ਅਤੇ ਲਹੂ ਵਹਿਣ ਦੇ ਰੋਗ ਤੋਂ ਦੁਖੀ ਔਰਤ ਨੂੰ ਚੰਗਾ ਕਰਨਾ) (ਮੱਤੀ 9:18–26; ਮਰਕੁਸ 5:22–43; ਲੂਕਾ 8:41–56)।

ਣ. ਅੰਨ੍ਹਿਆਂ ਨੂੰ ਅਤੇ ਇਕ ਬਦਰੂਹ ਦੇ ਸ਼ਿਕਾਰ ਆਦਮੀ ਨੂੰ ਚੰਗਾ ਕਰਨਾ (ਅਤੇ ਅਲੋਚਨਾ ਨੂੰ ਸਹਿਣਾ) (ਮੱਤੀ 9:27–34)।

ਤ. ਨਾਸਰਤ ਵਿਚ ਜਾਣਾ (ਅਤੇ ਠੁਕਰਾਏ ਜਾਣਾ) (ਮੱਤੀ 13:54–58; ਮਰਕੁਸ 6:1–6; ਲੂਕਾ 4:16–31)।

ਯਿਸੂ ਗਲੀਲ ਦੀ ਝੀਲ ਦੇ ਪੱਛਮੀ ਕੰਢੇ ਤੇ ਮੁੜ ਆਉਣ ਤੇ ਲੋਕਾਂ ਦੀ ਬਹੁਤ ਵੱਡੀ ਭੀੜ ਉਸ ਦੀ ਉਡੀਕ ਕਰ ਰਹੀ ਸੀ (ਮਰਕੁਸ 5:21; ਲੂਕਾ 8:40)। ਉੱਥੇ ਉਸ ਨੇ ਇਕ ਕੁੜੀ ਨੂੰ ਮੁਰਦਿਆਂ ਵਿੱਚੋਂ ਜ਼ਿੰਦਾ ਕਰਨ ਸਣੇ ਕਈ ਮਸ਼ਹੂਰ ਮੋਅਜਜ਼ੇ ਕੀਤੇ। ਉਸ ਦੇ ਥੋੜੀ ਦੇਰ ਬਾਅਦ, ਆਪਣੇ ਸ਼ਹਿਰ ਨਾਸਰਤ ਤੋਂ ਚੱਲ ਕੇ ਉਹ ਤੀਜੀ ਵਾਰ ਗਲੀਲ ਨੂੰ ਗਿਆ।

ਇਸ ਪਾਠ ਵਿਚ ਮੁੱਖ ਸ਼ਬਦ ‘‘ਨਿਹਚਾ’’ ਜਾਂ ‘‘ਪਰਤੀਤ’’ ਹੈ। ਮਸੀਹ ਨੇ ਇਕ ਔਰਤ ਨੂੰ ਚੰਗਿਆਈ ਦਿੰਦਿਆਂ ਆਖਿਆ,[1] ‘‘... ਤੇਰੀ ਨਿਹਚਾ ਨੇ ਤੈਨੂੰ ਚੰਗਾ ਕੀਤਾ ਹੈ’’ (ਮੱਤੀ 9:22)। ਸਿਨਾਗੋਗ ਦੇ ਇਕ ਅਧਿਕਾਰੀ ਨੂੰ ਉਸ ਨੇ ਕਿਹਾ, ‘‘... ਨਾ ਡਰ, ਕੇਵਲ ਨਿਹਚਾ ਕਰ’’ (ਮਰਕੁਸ 5:36)। ਦੋ ਅੰਨ੍ਹਿਆਂ ਨੂੰ ਉਸ ਨੇ ਪੁੱਛਿਆ ਕਿ ਕੀ ਉਨ੍ਹਾਂ ਨੂੰ ਯਕੀਨ ਹੈ ਕਿ ਉਹ ਉਨ੍ਹਾਂ ਨੂੰ ਚੰਗਿਆਂ ਕਰ ਸਕਦਾ ਹੈ। ਉਨ੍ਹਾਂ ਦੇ ਇਹ ਜਵਾਬ ਦੇਣ ਤੇ ਕਿ ‘‘ਹਾਂ, ਪ੍ਰਭੂ,’’ ਉਸ ਨੇ ਆਖਿਆ, ‘‘ਜਿਹੀ ਤੁਹਾਡੀ ਨਿਹਚਾ ਹੈ ਤੁਹਾਡੇ ਲਈ ਤਿਹਾ ਹੀ ਹੋਵੇ’’ (ਮੱਤੀ 9:28, 29)। ਨਾਸਰਤ ਵਿੱਚੋਂ ਠੁਕਰਾਏ ਜਾਣ ਤੇ ‘‘ਉਸ ਨੇ ਉਨ੍ਹਾਂ ਦੀ ਬੇਪਰਤੀਤੀ ਉੱਤੇ ਅਚਰਜ’’ ਕੀਤਾ (ਮਰਕੁਸ 6:6)।

ਮੋਅਜਜ਼ੇ ਕਰਨ ਦੀ ਸ਼ਕਤੀ ਹੋਣ ਦਾ ਦਾਅਵਾ ਕਰਨ ਵਾਲੇ ਲੋਕ ਇਨ੍ਹਾਂ ਆਇਤਾਂ ਦੀ ਵਰਤੋਂ ਇਹ ਸਿਖਾਉਣ ਦੀ ਕੋਸ਼ਿਸ਼ ਲਈ ਕਰਦੇ ਹਨ ਕਿ ਲੋਕਾਂ ਦੇ ਵਿਸ਼ਵਾਸ ਦੇ ਬਗੈਰ ਯਿਸੂ ਵੀ ਮੋਅਜਜ਼ੇ ਨਹੀਂ ਕਰ ਸਕਿਆ ਸੀ। ਫਿਰ ਉਹ ਆਪਣੀਆਂ ਖਾਮੀਆਂ ਨੂੰ ਇਹ ਆਖ ਕੇ ਲੁਕਾਉਂਦੇ ਹਨ ਕਿ ਜਿਨ੍ਹਾਂ ਦੀ ਚੰਗਿਆਈ ਨਹੀਂ ਹੋਈ ਉਨ੍ਹਾਂ ਦੀ ‘‘ਨਿਹਚਾ ਨਹੀਂ ਸੀ।’’ ਇਹ ਸੱਚ ਹੈ ਕਿ ਇਨ੍ਹਾਂ ਆਇਤਾਂ ਵਿਚ ਨਿਹਚਾ ਤੇ ਜੋਰ ਦਿੱਤਾ ਗਿਆ ਹੈ, ਪਰ ਇਹ ਸੱਚ ਨਹੀਂ ਹੈ ਕਿ ਯਿਸੂ ਦੇ ਮੋਅਜਜ਼ੇ ਉਨ੍ਹਾਂ ਲੋਕਾਂ ਦੀ ਨਿਹਚਾ ਦਾ ਨਤੀਜਾ ਸਨ, ਜਿਨ੍ਹਾਂ ਦੀ ਉਸ ਨੇ ਮਦਦ ਕੀਤੀ ਸੀ। ਹੁਣ ਤਕ ਦੇ ਆਪਣੇ ਅਧਿਐਨ ਵਿਚ ਅਸੀਂ ਕਈ ਅਜਿਹੇ ਮਸਲੇ ਵੇਖੇ ਹਨ, ਜਿੱਥੇ ਨਿਹਚਾ ਨਹੀਂ ਸੀ ਜਾਂ ਮੁਮਕਿਨ ਵੀ ਨਹੀਂ ਸੀ।[2] ਇਸ ਪਾਠ ਵਿਚ, ਇਕ ਮਰੀ ਹੋਈ ਕੁੜੀ ਨੂੰ ਜ਼ਿੰਦਾ ਕੀਤਾ ਗਿਆ ਸੀ ਅਤੇ ਯਕੀਨਨ ਹੀ ਜੀ ਉੱਠਣ ਤੋਂ ਪਹਿਲਾਂ ਉਸ ਨੂੰ ਕੋਈ ਯਕੀਨ ਨਹੀਂ ਸੀ।

ਤਾਂ ਫਿਰ ਇਨ੍ਹਾਂ ਘਟਨਾਵਾਂ ਵਿਚ ਨਿਹਚਾ ਤੇ ਜ਼ੋਰ ਕਿਉਂ ਦਿੱਤਾ ਗਿਆ ਹੈ? ਯਿਸੂ ਆਪਣੀ ਸੇਵਕਾਈ ਦੇ ਇਕ ਨਾਜ਼ੁਕ ਵਕਤ ਤੇ ਪਹੁੰਚ ਗਿਆ ਸੀ। ਇਸ ਤੋਂ ਪਹਿਲਾ ਉਸਨੇ ਕਈ ਮੋਅਜਜ਼ੇ ਕੀਤੇ ਸਨ ਅਤੇ ਉਨ੍ਹਾਂ ਮੋਅਜਜ਼ਿਆਂ ਦਾ ਇਕ ਮਕਸਦ ਵਿਸ਼ਵਾਸ ਦੁਆਉਣਾ ਸੀ (ਯੂਹੰਨਾ 20:30,

31)। ਉਹਨੂੰ ਪਤਾ ਸੀ ਕਿ ਕੁਝ ਹੀ ਮਹੀਨਿਆਂ ਵਿਚ ਉਹ ਇਸ ਸੰਸਾਰ ਨੂੰ ਛੱਡ ਕੇ ਚਲਿਆ ਜਾਵੇਗਾ। ਉਸ ਦੇ ਜਾਣ ਦੇ ਬਾਅਦ, ਪਿੱਛੇ ਪੱਕੀ ਨਿਹਚਾ ਵਾਲੇ ਲੋਕਾਂ ਦਾ ਹੋਣਾ ਲਾਜ਼ਮੀ ਸੀ। ਇਸ ਲਈ ਉਸ ਨੇ ਵੱਧ ਤੋਂ ਵੱਧ ਲੋਕਾਂ ਨੂੰ ਨਿਹਚਾ ਕਰਨ ਦੀ ਬੇਨਤੀ ਕੀਤੀ।

ਇਸ ਪਾਠ ਦੇ ਹਰ ਭਾਗ ਵਿਚ ਨਿਹਚਾ ਅਤੇ ਬੇਪਰਤੀਤੀ ਦਾ ਫ਼ਰਕ ਹੈ। ਸਵਾਲ ਇਹ ਹੈ ਕਿ ਤੁਸੀਂ ਅਤੇ ਮੈਂ ਨਿਹਚਾ ਕਰਦੇ ਹੋ ਜਾਂ ਨਹੀਂ?

## ''ਜੈਰੁਸ, ਕੀ ਤੈਨੂੰ ਨਿਹਚਾ ਹੈ ?''
## (ਮੱਤੀ 9:18-26; ਮਰਕੁਸ 5:22-43; ਲੂਕਾ 8:41-56)

**ਨਿਹਚਾ ਵਿਖਾਈ ਗਈ** (**ਮੱਤੀ** 9: 18, 19; **ਮਰਕੁਸ** 5: 22-24; **ਲੂਕਾ** 8: 41, 42)

ਜੈਰੁਸ ਨਾਂਅ ਦਾ ਇਕ ਆਦਮੀ ਯਿਸੂ ਕੋਲ ਆਇਆ। NASB ਵਿਚ ਇਸ ਆਦਮੀ ਨੂੰ ''ਸਿਨਾਗੋਗ ਦੇ ਅਧਿਕਾਰੀਆਂ ਵਿੱਚੋਂ ਇਕ'' ਦੱਸਿਆ ਗਿਆ ਹੈ[3] (ਮਰਕੁਸ 5: 22; ਵੇਖੋ ਲੂਕਾ 8: 41)। ਪੰਜਾਬੀ ਬਾਈਬਲ ਵਿਚ KJV ਵਾਂਗ ਉਸ ਨੂੰ ''ਸਮਾਜ ਦੇ ਸਰਦਾਰਾਂ ਵਿੱਚੋਂ ਇਕ'' ਦੱਸਿਆ ਗਿਆ ਹੈ। ਸਮਾਜ ਦਾ ''ਸਰਦਾਰ'' ਜਾਂ ''ਮੁਖੀ'' ''ਬਜ਼ੁਰਗਾਂ'' ਦੀ ਪੰਚਾਇਤ ਦਾ ਮੈਂਬਰ ਹੁੰਦਾ ਸੀ (ਵੇਖੋ ਲੂਕਾ 7: 3), ਜੋ ਸਿਨਾਗੋਗ ਦੇ ਜ਼ਿੰਮੇਵਾਰ ਲੋਕ ਹੁੰਦੇ ਸਨ।[4] ''ਸਰਦਾਰ'' ਸਿਨਾਗੋਗ ਦੀਆਂ ਬੰਦਗੀਆਂ ਦਾ ਇੰਚਾਰਜ ਹੁੰਦਾ ਸੀ, ਜਿਸ ਵਿਚ ਇੰਤਜ਼ਾਮ ਬਣਾ ਕੇ ਰੱਖਣਾ (ਵੇਖੋ ਲੂਕਾ 13: 14) ਅਤੇ ਲੋਕਾਂ ਨੂੰ ਪੜ੍ਹਣ ਜਾਂ ਬੋਲਣ ਲਈ ਸੱਦਣਾ ਸ਼ਾਮਿਲ ਸੀ (ਵੇਖੋ ਰਸੂਲਾਂ ਦੇ ਕੰਮ 13: 15)।[5] ਯਹੂਦੀ ਸ਼ਹਿਰਾਂ ਵਿਚ ਸਿਨਾਗੋਗ ਜਾਂ ਸਮਾਜ ਦੇ ਸਰਦਾਰ ਦੀ ਬੜੀ ਕਦਰ ਹੁੰਦੀ ਸੀ।

ਮਸੀਹ ਦੇ ਕੋਲ ਪਹੁੰਚ ਕੇ ਜੈਰੁਸ ਆਪਣੀ ਬਾਰ੍ਹਾਂ ਸਾਲਾਂ ਦੀ ਬੇਟੀ ਨੂੰ ਜੋ ''ਮਰਨ ਵਾਲੀ'' ਸੀ, ਆ ਕੇ ਚੰਗਿਆਈ ਦੇਣ ਲਈ ਆਖਦਿਆਂ ''ਉਹ ਦੇ ਪੈਰੀਂ ਪੈ ਗਿਆ'' (ਮਰਕੁਸ 5: 22; ਮੱਤੀ 9: 18; ਮਰਕੁਸ 5: 23)।[6] ਇਸ ਅਫ਼ਸਰ ਨੂੰ ਪਤਾ ਲੱਗਾ ਹੋਵੇਗਾ ਕਿ ਯਿਸੂ ਨੇ ਕਫ਼ਰਨਾਹੂਮ ਦੇ ਇਕ ਸ਼ਾਹੀ ਅਫ਼ਸਰ ਦੇ ਪੁੱਤਰ ਨੂੰ ਚੰਗਾ ਕੀਤਾ ਸੀ[7] (ਯੂਹੰਨਾ 4: 46–53) ਅਤੇ ਇਹ ਵੀ ਕਿ ਉਸ ਨੇ ਉਸੇ ਸ਼ਹਿਰ ਦੇ ਸੂਬੇਦਾਰ ਦੇ ਨੌਕਰ ਨੂੰ ਵੀ ਚੰਗਾ ਕੀਤਾ ਸੀ (ਲੂਕਾ 7: 1–10)। ਮਾਨ ਮਰਿਯਾਦਾ ਸਭ ਭੁੱਲ ਕੇ, ਉਹ ਆਦਮੀ ''ਇਕੱਲੌਤੀ ਬੇਟੀ'' ਦੀ ਜਾਨ ਦੀ ਭੀਖ ਮੰਗਣ ਲਈ ਪ੍ਰਭੂ ਦੇ ਪੈਰੀਂ ਪੈ ਗਿਆ (ਲੂਕਾ 8: 42)। ਜਿਵੇਂ ਕਿ ਜੇ. ਡਬਲਯੂ. ਮਕਗਰਵੇ ਨੇ ਮੁਲਾਂਕਣ ਕੀਤਾ ਹੈ, ''ਉਸ ਦੀਆਂ ਲੋੜਾਂ ਉਸ ਦੇ ਘਮੰਡ ਨਾਲੋਂ ਵੱਡੀਆਂ ਸਨ।''[8] ਕੀ ਤੁਹਾਡੇ ਬੱਚੇ ਹਨ? ਜੇ ਹਨ ਤਾਂ ਤੁਸੀਂ ਜੈਰੁਸ ਦੀ ਤਕਲੀਫ਼ ਨੂੰ ਸਮਝ ਸਕਦੇ ਹੋ।

ਯਿਸੂ ਨੇ ਉਸ ਨੂੰ ਨਾਂਹ ਨਹੀਂ ਕੀਤੀ। ਉਸ ਹਾਕਮ ਨਾਲ, ਉਹ ਉਸ ਦੇ ਘਰ ਵੱਲ ਨੂੰ ਚੱਲ ਪਿਆ। ਉਨ੍ਹਾਂ ਦੀ ਚਾਲ ਮੱਧਮ ਸੀ; ਦ ਲਿਵਿੰਗ ਬਾਈਬਲ ਵਿਚ ਆਖਿਆ ਗਿਆ ਹੈ ਕਿ ਉਹ ''ਭੀੜ ਦੇ ਵਿੱਚੋਂ'' ਦੀ ਹੋ ਕੇ ਗਏ (ਲੂਕਾ 8: 42; ਵੀ ਵੇਖੋ ਮਰਕੁਸ 5: 24, 31)।

**ਨਿਹਚਾ ਪਰਖੀ ਗਈ** (**ਮੱਤੀ** 9: 20-22; **ਮਰਕੁਸ** 5: 25-36; **ਲੂਕਾ** 8: 43-50)

ਜੈਰੁਸ ਦੇ ਘਰ ਜਾਂਦੇ ਹੋਏ, ਰਾਹ ਵਿਚ ਇਕ ਆਮ ਗੱਲ ਹੋਈ। ਇਸ ਨੂੰ ''ਬ੍ਰੈਕਟ ਵਿਚ ਮੋਅਜਜ਼ਾ'' ਦਾ ਨਾਂਅ ਦਿੱਤਾ ਗਿਆ ਹੈ, ਕਿਉਂਕਿ ਇਹ ਇਕ ਮੋਅਜਜ਼ੇ ਦੀ ਘਟਨਾ ਦੇ ਵਰਨਣ ਵਿਚਲੀ ਮੋਅਜਜ਼ੇ ਦੀ ਇਕ ਹੋਰ ਘਟਨਾ ਸੀ।

ਯਿਸੂ ਦੇ ਭੀੜ ਵਿੱਚੋਂ ਜਾਂਦੇ ਹੋਏ, ਇਕ ਮਜ਼ਬੂਤ ਨਿਹਚਾ ਵਾਲੀ ਰੋਗਣ ਔਰਤ ਲੋਕਾਂ ਵਿੱਚੋਂ ਨਿੱਕਲਦੀ ਹੋਈ ਮਸੀਹ ਤਕ ਆ ਪਹੁੰਚੀ। ਵੈਦ ਲੂਕਾ ਆਖਦਾ ਹੈ ਕਿ ਉਸ ਨੂੰ ''ਬਾਰ੍ਹਾਂ ਵਰ੍ਹਿਆਂ ਤੋਂ

ਲਹੂ ਆਉਂਦਾ ਸੀ ... ਪਰ ਕਿਸੇ ਤੋਂ ਚੰਗੀ ਨਾ ਹੋ ਸਕੀ'' (ਲੂਕਾ 8:43)। ਮੂਸਾ ਦੀ ਸ਼ਰ੍ਹਾ ਮੁਤਾਬਕ, ਉਹ ਪੱਕੇ ਤੌਰ ਤੇ ''ਅਸ਼ੁੱਧ'' ਹੋਵੇਗੀ (ਵੇਖੋ ਲੇਵੀਆਂ ਦੀ ਪੋਥੀ 15:19, 26)।[9]

ਮਰਕੁਸ ਦਾ ਨਿਚੋੜ ਲੂਕਾ ਵੱਲੋਂ ਆਪਣੇ ਸਾਥੀ ਵੈਦ ਪ੍ਰਤੀ ਦਿਆਲ ਹੋਣ ਵਰਗਾ ਨਹੀਂ ਸੀ, ਕਿਉਂਕਿ ਉਸਨੇ ਕਿਹਾ ਕਿ ਉਸ ਔਰਤ ਨੇ ''ਆਪਣਾ ਸਭ ਕੁਝ ਖਰਚ ਕਰ ਦਿੱਤਾ ਸੀ ਪਰ ਕੁਝ ਵੀ ਅਰਾਮ ਨਾ ਪਾਇਆ ਸਗੋਂ ਉਹ ਦਾ ਹੋਰ ਵੀ ਮਾੜਾ ਹਾਲ ਹੋ ਗਿਆ'' (ਮਰਕੁਸ 5:26)। ਉਸ ਜ਼ਮਾਨੇ ਵਿਚ, ਜ਼ਿਆਦਾਤਰ ਵੈਦ ਜੜ੍ਹੀਆਂ ਬੂਟੀਆਂ ਦੀ ਦਵਾਈ ਦੇ ''ਪਿਆਲੇ'' ਅਤੇ ਅੰਧ ਵਿਸ਼ਵਾਸ ਦੀਆਂ ਰੀਤਾਂ ਦੇ ''ਬਾਟੇ'' ਨਾਲ ''ਥੋੜ੍ਹਾ ਜਿਹਾ'' ਮਨੋਵਿਗਿਆਨ[10] ਮਿਲਾ ਕੇ ਰੋਗੀ ਨੂੰ ਦੇ ਦਿੰਦੇ ਸਨ।

ਜੇ ਤੁਸੀਂ ਕਿਸੇ ਅਜਿਹੇ ਆਦਮੀ ਨੂੰ ਜਾਣਦੇ ਹੋ ਜੋ ਕਈ ਸਾਲਾਂ ਤੋਂ ਬੀਮਾਰ ਹੋਵੇ ਤਾਂ ਕਲਪਨਾ ਕਰ ਸਕਦੇ ਹੋ ਕਿ ਇਹ ਔਰਤ ਕਿੰਨੀ ਦੁਖੀ ਹੋਵੇਗੀ। ਉਸ ਦਾ ਰੰਗ ਪੀਲਾ, ਜਿਸਮ ਤੀਲ੍ਹਾ ਅਤੇ ਹੱਡੀਆਂ ਦੀ ਮੁੱਠ ਬਣ ਗਿਆ ਹੋਵੇਗਾ, ਪਰ ਜਦ ਉਸ ਨੇ ਸੁਣਿਆ ਕਿ ਪ੍ਰਭੂ ਆ ਰਿਹਾ ਹੈ, ਤਾਂ ਉਸ ਨੂੰ ਅੰਦਰੋਂ ਹਿੰਮਤ ਮਿਲੀ। ਉਹ ਭੀੜ ਨੂੰ ਚੀਰਦੀ ਹੋਈ ਜਿਵੇਂ ਕਿਵੇਂ ਪ੍ਰਭੂ ਦੇ ਮਗਰ, ਐਨੀ ਕੁ ਨੇੜੇ ਪਹੁੰਚ ਗਈ ਕਿ ਉਹ ਉਸ ਨੂੰ ਛੂਹ ਸਕਦੀ ਸੀ।

ਉਸ ਨੇ ਮਨ ਵਿਚ ਆਖਿਆ, ''ਜੇ ਮੈਂ ਨਿਰਾ ਉਹ ਦੇ ਕੱਪੜੇ ਨੂੰ ਹੀ ਛੂਹਾਂ ਤਾਂ ਚੰਗੀ ਹੋ ਜਾਵਾਂਗੀ'' (ਮੱਤੀ 9:21; ਮਰਕੁਸ 5:28 ਵੀ ਵੇਖੋ)। ਇਹ ਆਮ ਧਾਰਨਾ ਸੀ ਕਿ ਜਿਨ੍ਹਾਂ ਚੀਜ਼ਾਂ ਦਾ ਸੰਪਰਕ ਕਿਸੇ ਚਮਤਕਾਰ ਕਰਨ ਵਾਲੇ ਬੰਦੇ ਨਾਲ ਹੋ ਜਾਂਦਾ ਹੈ, ਉਸ ਨੂੰ ਅਚੰਭੇ ਕੰਮ ਜਾਂ ਮੋਅਜਜ਼ੇ ਕਰਨ ਦੀ ਸ਼ਕਤੀ ਮਿਲ ਜਾਂਦੀ ਹੈ (ਵੇਖੋ ਮੱਤੀ 14:36; ਰਸੂਲਾਂ ਦੇ ਕੰਮ 19:11, 12)। ਇਸ ਔਰਤ ਨੇ ਸੋਚਿਆ ਹੋਵੇਗਾ ਕਿ ਯਿਸੂ ਨੂੰ ਤੰਗ ਕਰਨਾ ਠੀਕ ਨਹੀਂ ਹੋਵੇਗਾ, ਇਸ ਕਰਕੇ ਉਸ ਨੇ ਉਸ ਦੇ ਪੱਲੇ ਨੂੰ ਛੂਹਣ ਦਾ ਇਰਾਦਾ ਕਰ ਲਿਆ। ਉਸ ਦਾ ਤਰਕ ਜੋ ਵੀ ਹੋਵੇ, ਪਰ ਉਸ ਦਾ ਵਿਸ਼ਵਾਸ ਮਸੀਹ ਦੀ ਸ਼ਕਤੀ ਵਿਚ ਸੀ।

ਉਸ ਨੇ ਅੱਗੇ ਵਧ ਕੇ ''ਉਹ ਦੇ ਕੱਪੜੇ ਦਾ ਪੱਲਾ ਛੂਹਿਆ'' (ਮੱਤੀ 9:20)।[11] ਕੱਪੜੇ ਦਾ ਪੱਲਾ ਛੂੰਹਦੇ ਸਾਰ, ''ਉਸ ਦੇ ਲਹੂ ਦਾ ਵਹਾਓ ਰੁਕ ਗਿਆ ਅਤੇ ਉਸਨੇ ਆਪਣੇ ਸਰੀਰ ਵਿਚ ਮਲੂਮ ਕਰ ਲਿਆ ਜੋ ਮੈਂ ਇਸ ਬਲਾ ਤੋਂ ਛੁੱਟੀ'' (ਮਰਕੁਸ 5:29)। ਸਾਡੇ ਇੱਥੇ, ਜਦ ਲੋਕ ਬੀਮਾਰ ਹੁੰਦੇ ਹਨ, ਤਾਂ ''ਮਾੜਾ ਹੀ ਹਾਲ ਹੈ'' ਅਤੇ ਤੰਦਰੁਸਤ ਹੋਣ ਤੇ ''ਸਭ ਖੈਰੀਅਤ ਹੈ'' ਕਿਹਾ ਜਾਂਦਾ ਹੈ! ਇਹ ਔਰਤ ਝੱਟ ''ਮਾੜਾ ਹੀ ਹਾਲ ਹੈ'' ਤੋਂ ''ਸਭ ਖੈਰੀਅਤ ਹੈ'' ਦੀ ਉਸ ਹਾਲਤ ਵਿਚ ਆ ਗਈ ਸੀ! ਮੈਂ ਉਸ ਦੇ ਸਰੀਰ ਨੂੰ ਸਿੱਧਾ ਹੁੰਦੇ, ਉਸ ਦੀਆਂ ਗੱਲ੍ਹਾਂ ਉੱਤੇ ਲਾਲੀ ਆਉਂਦੇ ਅਤੇ ਚਿਹਰੇ ਤੇ ਹਾਸਾ ਵਾਪਸ ਆਉਣ ਦੀ ਕਲਪਨਾ ਕਰ ਸਕਦਾ ਹਾਂ।

ਯਿਸੂ ਨੂੰ ਝੱਟ ਪਤਾ ਲਗ ਗਿਆ ਕਿ ਉਸ ਵਿੱਚੋਂ ਸ਼ਕਤੀ ਨਿੱਕਲੀ ਹੈ (ਮਰਕੁਸ 5:30; ਲੂਕਾ 8:46)। ਮੈਂ ਇਸ ਉੱਤੇ ਬਹੁਤੀ ਚਰਚਾ ਨਹੀਂ ਚਾਹੁੰਦਾ, ਕਿਉਂਕਿ ਮਨੁੱਖ ਹੋਣ ਕਰਕੇ, ਮੈਂ ਰੂਹਾਨੀ ਸ਼ਕਤੀ ਨੂੰ ਨਹੀਂ ਸਮਝ ਸਕਦਾ, ਪਰ ਉੱਥੇ ਹੋਈਆਂ ਗੱਲਾਂ ਮੈਨੂੰ ਜ਼ਰੂਰ ਖਿੱਚਦੀਆਂ ਹਨ। ਮੈਂ ਸ਼ਾਇਦ ਇਨ੍ਹਾਂ ਸ਼ਬਦਾਂ ਵਿਚ ਬਾਹਲਾ ਹੀ ਵਧ ਰਿਹਾ ਹਾਂ, ਪਰ ਲੋਕ ਮੈਨੂੰ ਸਲਾਹ ਦਿੰਦੇ ਹਨ ਕਿ ਮੋਅਜਜ਼ੇ ਕਰਨ ਲਈ ਮਸੀਹ ਨੂੰ ਕੁਝ ਕੀਮਤ ਚੁਕਾਉਣੀ ਪੈਂਦੀ ਸੀ। ਸ਼ਾਇਦ ਉਸ ਦੇ ਹਰ ਮੋਅਜਜ਼ਾ ਕਰਨ ਤੇ ਉਸ ਵਿੱਚੋਂ ਕਿਸੇ ਤਰ੍ਹਾਂ ਦੀ ਸ਼ਕਤੀ ਨਿੱਕਲਦੀ ਸੀ,[12] ਤਾਂ ਵੀ ਉਸ ਨੇ ਇਸਦਾ ਕਦੇ ਹਿਸਾਬ ਨਹੀਂ ਲਾਇਆ; ਉਹ ਦੂਜਿਆਂ ਤਕ ਪਹੁੰਚਣ ਲਈ ਕਦੇ ਇਨਕਾਰ ਨਹੀਂ ਕਰਦਾ ਸੀ।

ਜਦ ਯਿਸੂ ਨੂੰ ਲੱਗਿਆ ਕਿ ਉਸ ਵਿੱਚੋਂ ਸ਼ਕਤੀ ਨਿੱਕਲੀ ਹੈ, ਤਾਂ ਉਹ ਰੁਕ ਕੇ ਪੁੱਛਣ ਲੱਗਾ, ''ਮੇਰੇ ਕੱਪੜੇ ਨੂੰ ਕਿਹ ਨੇ ਛੋਹਿਆ?'' (ਮਰਕੁਸ 5:30)। ਇਸ ਉੱਤੇ ਚੇਲੇ ਹੈਰਾਨ ਹੋ ਗਏ। ਉਨ੍ਹਾਂ ਨੇ ਜਵਾਬ ਦਿੱਤਾ, ''ਤੂੰ ਵੇਖਦਾ ਹੈਂ ਜੋ ਲੋਕ ਤੈਨੂੰ ਦਬਾਉਂਦੇ ਹਨ, ਫਿਰ ਤੂੰ ਕਹਿੰਦਾ ਹੈ, ਮੈਨੂੰ ਕਿਹ ਨੇ ਛੋਹਿਆ?'' (ਮਰਕੁਸ 5:31)। ਇਸ ਨਾਲ ਅਸੀਂ ਥੋੜ੍ਹੀ ਉਲਝਣ ਵਿਚ ਪੈ ਜਾਂਦੇ ਹਾਂ। ਭਲਾ ਇਸ ਦਾ

ਮਤਲਬ ਇਹ ਹੈ ਕਿ ਮਸੀਹ ਨੂੰ ਕੁਝ ਪਤਾ ਨਹੀਂ ਸੀ ਕਿ ਉਹ ਔਰਤ ਕੌਣ ਹੈ? ਮੱਤੀ ਅਤੇ ਮਰਕੁਸ ਦੇ ਵਿਰਤਾਂਤਾਂ ਤੋਂ ਇਹ ਸੰਕੇਤ ਮਿਲਦਾ ਹੈ ਕਿ ਯਿਸੂ ਨੂੰ ਪਤਾ ਸੀ ਕਿ ਉਹ ਔਰਤ ਕੌਣ ਹੈ, ਉਸ ਨੇ ਕੀ ਕੀਤਾ ਹੈ, ਅਤੇ ਉਸ ਨੇ ਇਵੇਂ ਕਿਉਂ ਕੀਤਾ ਹੈ। ਉਹ ਸੰਕੇਤ ਦਿੰਦੇ ਹਨ ਕਿ ਥੋੜ੍ਹੀ ਝਿਜਕ ਜਾਂ ਬਿਨਾਂ ਝਿਜਕੇ ਯਿਸੂ ਨੇ ਫੇਰ ਉਸ ਔਰਤ ਵੱਲ ਤੱਕਿਆ (ਮੱਤੀ 9:22; ਮਰਕੁਸ 5:32)।

ਆਮ ਤੌਰ ਤੇ ਮਸੀਹ ਦੇ ਸਵਾਲਾਂ ਦਾ ਮਕਸਦ ਆਪਣੇ ਬਾਰੇ ਜਾਣਕਾਰੀ ਲੈਣਾ ਨਹੀਂ, ਸਗੋਂ ਦੂਜਿਆਂ ਤੇ ਉਨ੍ਹਾਂ ਸੱਚਿਆਈਆਂ ਦਾ ਪ੍ਰਭਾਵ ਛੱਡਣਾ ਹੁੰਦਾ ਸੀ।[13] ਇੱਥੇ ਵੀ ਕੁਝ ਇਵੇਂ ਹੀ ਹੋਇਆ ਹੋਵੇਗਾ। ਸ਼ਾਇਦ ਉਹ ਆਪਣੇ ਆਲੇ ਦੁਆਲੇ ਦੇ ਲੋਕਾਂ ਨੂੰ ਉਸ ਔਰਤ ਦੀ ਨਿਹਚਾ ਬਾਰੇ ਦੱਸਣਾ ਚਾਹੁੰਦੇ ਸਨ ਕਿ ਕਿਵੇਂ ਉਸ ਦੀ ਨਿਹਚਾ ਨੇ ਉਸ ਦੀ ਜ਼ਿੰਦਗੀ ਵਿਚ ਬਰਕਤ ਲਿਆਂਦੀ ਸੀ। ਸ਼ਾਇਦ ਉਹ ਉਸ ਔਰਤ ਨੂੰ ਸ਼ਾਫ਼ ਦੱਸਣਾ ਚਾਹੁੰਦਾ ਸੀ ਕਿ ਉਸ ਦੇ ਨਾਲ ਕੀ ਹੋਇਆ ਅਤੇ ਕਿਉਂ ਹੋਇਆ ਸੀ। ਲੂਕਾ ਨੇ ਲਿਖਿਆ ਹੈ:

> ਜਾਂ ਉਸ ਜਨਾਨੀ ਨੇ ਵੇਖਿਆ ਜੋ ਮੈਂ ਲੁਕ ਨਹੀਂ ਸੱਕਦੀ ਤਾਂ ਕੰਬਦੀ ਕੰਬਦੀ ਆਈ[14] ਅਤੇ ਉਸ ਦੇ ਪੈਰੀਂ ਡਿੱਗ ਕੇ ਸਾਰੇ ਲੋਕਾਂ ਦੇ ਸਾਹਮਣੇ ਹਾਲ ਦੱਸਿਆ ਜੋ ਕਿਸ ਕਾਰਨ ਉਸ ਨੂੰ ਛੋਹਿਆ ਅਤੇ ਕਿਸ ਤਰ੍ਹਾਂ ਓਵੇਂ ਚੰਗੀ ਹੋ ਗਈ। ਉਸ ਨੇ ਉਹ ਨੂੰ ਆਖਿਆ, ਬੇਟੀ, ਤੇਰੀ ਨਿਹਚਾ ਨੇ ਤੈਨੂੰ ਚੰਗਾ ਕੀਤਾ ਹੈ, ਸ਼ਾਂਤੀ ਨਾਲ ਚੱਲੀ ਜਾਹ (ਲੂਕਾ 8:47, 48)।

''ਸ਼ਾਂਤੀ ਨਾਲ ਚਲੀ ਜਾਹ'' ਦੇ ਅਸ਼ੀਰਵਾਦ ਨਾਲ ਉਸ ਨੂੰ ਭਰੋਸਾ ਮਿਲਿਆ ਕਿ ਉਸ ਨੂੰ ਮਿਲੀ ਹੋਈ ਚੰਗਿਆਈ ਸਥਾਈ ਹੈ ਅਤੇ ਉਸਦਾ ਰੋਗ ਹੁਣ ਦੁਬਾਰਾ ਨਹੀਂ ਆਵੇਗਾ।

ਉਸ ਔਰਤ ਦੇ ਜਾਣ ਦੀ ਕਲਪਨਾ ਕਰੋ ਅਤੇ ਫਿਰ ਆਪਣਾ ਧਿਆਨ ਜੈਰੁਸ ਉੱਤੇ ਲਾਓ। ਉਹ ਯਿਸੂ ਨੂੰ ਆਪਣੇ ਘਰ ਲੈ ਜਾਣ ਦੀ ਕੋਸ਼ਿਸ਼ ਕਰ ਰਿਹਾ ਸੀ, ਜਿੱਥੇ ਉਸ ਦੀ ਜਵਾਨ ਧੀ ਮੌਤ ਦੀ ਉਡੀਕ ਕਰਦੀ ਸੀ। ਭੀੜ ਨੂੰ ਪਿੱਛੇ ਧੱਕਦੇ ਹੋਏ, ਉਸ ਨੇ ਹੌਲੀ ਹੌਲੀ ਬਾਰ ਬਾਰ ਇਹ ਬੇਨਤੀ ਕੀਤੀ ਹੋਵੇਗੀ: ''ਹੇ ਪ੍ਰਭੂ, ਮੇਰੀ ਮਦਦ ਕਰੋ, ਕਿਤੇ ਦੇਰ ਨਾ ਹੋ ਜਾਵੇ। ਖ਼ੁਦਾਇਆ, ਸਾਨੂੰ ਛੇਤੀ ਨਾਲ ਉੱਥੇ ਪਹੁੰਚਾ ਦੇ ਤਾਂ ਜੋ ਸਾਡੇ ਪਹੁੰਚਣ ਤੋਂ ਪਹਿਲਾਂ ਕਿਤੇ ਉਹ ਮਰ ਨਾ ਜਾਵੇ!'' ਹੁਣ ਉਸ ਨੂੰ ਉੱਥੇ ਖੜੇ ਰਹਿ ਕੇ ਮਸੀਹ ਦੇ ਉਸ ਔਰਤ ਨਾਲ ਗੱਲ ਕਰਨ ਤਕ ਉਡੀਕ ਕਰਨੀ ਪਈ। ਜੇ ਮੈਂ ਜੈਰੁਸ ਦੀ ਥਾਂ ਹੁੰਦਾ ਤਾਂ ਮੈਂ ਚੀਕ ਪੈਂਦਾ, ''ਯਿਸੂ, ਇਸ ਦੀ ਮਦਦ ਬਾਅਦ ਵਿਚ ਕਰ ਦੇਣਾ! ਇਹ ਤਾਂ ਬਾਰਾਂ ਸਾਲ ਤੋਂ ਬੀਮਾਰ ਹੈ। ਇਕ ਦੋ ਦਿਨ ਹੋਰ ਬੀਮਾਰ ਰਹੇਗੀ ਤਾਂ ਕੋਈ ਫ਼ਰਕ ਨਹੀਂ ਪਵੇਗਾ। ਮੇਰੀ ਧੀ ਨੂੰ ਹੁਣੇ ਤੁਹਾਡੀ ਲੋੜ ਹੈ।''

ਜੇ ਇਹ ਸਰਦਾਰ ਦੇਰ ਹੋਣ ਤੋਂ ਘਬਰਾ ਗਿਆ ਹੁੰਦਾ, ਤਾਂ ਉਸ ਦੀ ਘਬਰਾਹਟ ਨਿਰਾਸ਼ਾ ਵਿਚ ਬਦਲ ਗਈ ਹੋਣੀ ਸੀ, ਕਿਉਂਕਿ ਕਿਸੇ ਨੇ ਆ ਕੇ ਕਿਹਾ ''ਤੇਰੀ ਧੀ ਮਰ ਗਈ, ਗੁਰੂ ਨੂੰ ਖੇਚਲ ਨਾ ਦਿਹ'' (ਲੂਕਾ 8:49)। ਪਿਤਾ ਦਾ ਮਨ ਅੰਦਰੋਂ ਅੰਦਰ ਹੀ ਬੁੱਝ ਗਿਆ ਹੋਵੇਗਾ। ਤੁਹਾਡੇ ਵਿੱਚੋਂ ਕੁਝ ਲੋਕ ਸਮਝ ਸਕਦੇ ਹਨ ਕਿ ਮੇਰੇ ਕਹਿਣ ਤੋਂ ਕੀ ਭਾਵ ਹੈ।

ਮਸੀਹ ਜੈਰੁਸ ਦੀ ਨਿਰਾਸ਼ਾ ਨੂੰ ਜਾਣਦਾ ਹੋਵੇਗਾ। ਉਸ ਨੇ ਪਿਆਰ ਨਾਲ ਉਸ ਨੂੰ ਕਿਹਾ, ''ਨਾ ਡਰ, ਕੇਵਲ ਨਿਹਚਾ ਕਰ ਤਾਂ ਉਹ ਬਚ ਜਾਵੇਗੀ''[15] (ਲੂਕਾ 8:50; ਵੇਖੋ ਮਰਕੁਸ 5:36)। ਨਿਹਚਾ ਦੀ ਇਹ ਕਿੰਨੀ ਵੱਡੀ ਪਰਖ ਹੈ!

**ਨਿਹਚਾ ਦਾ ਇਨਾਮ ਮਿਲਿਆ (ਮੱਤੀ 9:23-26; ਮਰਕੁਸ 5:37-43; ਲੂਕਾ 8:51-56)**

ਯਿਸੂ ਜੈਰੁਸ ਨਾਲ ਉਸ ਦੇ ਘਰ ਵੱਲ ਨੂੰ ਜਾ ਰਿਹਾ ਸੀ। ਉਨ੍ਹਾਂ ਦੇ ਉੱਥੇ ਪਹੁੰਚਣ ਤੇ ਕੁੜੀ ਨੂੰ ਮਰੇ ਭਾਵੇਂ ਹਾਲੇ ਕੁਝ ਸਮਾਂ ਹੀ ਹੋਇਆ ਸੀ, ਪਰ ਜਨਾਜ਼ੇ ਦੀ ਤਿਆਰੀ ਸ਼ੁਰੂ ਹੋ ਚੁਕੀ ਸੀ। ਉਸ

ਜ਼ਮਾਨੇ ਵਿਚ ਉਸ ਦੇਸ਼ ਵਿਚ, ਲਾਸ਼ ਨੂੰ ਆਮ ਤੌਰ ਤੇ ਓਸੇ ਦਿਨ ਦਫ਼ਨਾ ਦਿੱਤਾ ਜਾਂਦਾ ਸੀ। ਵੈਣ ਪਾਉਣ ਲਈ ਭਾੜੇ ਤੇ ਲਿਆਂਦੇ ਗਏ ਲੋਕਾਂ ਦੀ ਗਿਣਤੀ ਅਤੇ ਸਿਆਪਿਆਂ ਤੋਂ ਪਤਾ ਲਗਦਾ ਸੀ ਕਿ ਪਰਿਵਾਰ ਦਾ ਸਮਾਜਕ ਰੁਤਬਾ ਕੀ ਹੈ।[16] ਜਿਸ ਕਰਕੇ, ਅਧਿਕਾਰੀ ਦੇ ਘਰ ਜਾਣ ਤੇ ਮਸੀਹ ਨੇ ''ਲੋਕਾਂ ਨੂੰ ਰੌਲਾ ਪਾਉਂਦੇ ਹੋਏ'' ਅਤੇ ''ਬਹੁਤ ਰੋਂਦੇ ਕੁਰਲਾਉਂਦੇ ਵੇਖਿਆ'' (ਮਰਕੁਸ 5:38; ਮੱਤੀ 9:23)। ''ਬਾਂਸੁਰੀ ਵਜਾਉਣ ਵਾਲਿਆਂ'' ਨੂੰ ਅਤੇ ''ਭੀੜ ਨੂੰ ਰੌਲਾ ਪਾਉਂਦੇ'' ਹੋਏ ਵੈਣ ਪਾਉਂਦੀਆਂ ਵੇਖਿਆ ਗਿਆ (ਮੱਤੀ 9:23; ਮਰਕੁਸ 5:38)।

ਉਸ ਦਿਨ ਯਿਸੂ ਦੇ ਸਭ ਤੋਂ ਮੁਸ਼ਕਿਲ ਕੰਮਾਂ ਵਿੱਚੋਂ ਇਕ ਸ਼ਾਇਦ ਉਸ ਰੌਲੇ ਨੂੰ ਬੰਦ ਕਰਵਾਉਣਾ ਸੀ, ਤਾਂ ਜੋ ਉਸ ਦੀ ਗੱਲ ਸੁਣੀ ਜਾ ਸਕੇ। ਉਨ੍ਹਾਂ ਦਾ ਧਿਆਨ ਆਪਣੀ ਵੱਲ ਕਰ ਕੇ ਉਸ ਨੇ ਉਨ੍ਹਾਂ ਨੂੰ ''ਰੋਣਾ ਬੰਦ'' ਕਰਕੇ ਉੱਥੋਂ ''ਚਲੇ ਜਾਣ'' ਨੂੰ ਕਿਹਾ। ਉਸ ਨੇ ਕਿਹਾ, ''ਨਾ ਰੋਵੋ ਕਿਉਂ ਜੋ ਉਹ ਮਰੀ ਨਹੀਂ ਪਰ ਸੁੱਤੀ ਪਈ ਹੈ''[17] (ਲੂਕਾ 8:52; ਮੱਤੀ 9:24; ਮਰਕੁਸ 5:39)। ਉਸਦੇ ਇਹ ਕਹਿਣ ਤੇ, ਉਹ ਘਰ, ਜਿਸ ਵਿਚ ਰੋਣ ਦੀਆਂ ਅਵਾਜ਼ਾਂ ਆ ਰਹੀਆਂ ਸਨ, ਹਾਸੇ ਵਿਚ ਬਦਲ ਗਈਆਂ (ਮੱਤੀ 9:24; ਮਰਕੁਸ 5:40)।[18] ਲੂਕਾ ਦੱਸਦਾ ਹੈ, ''ਤਾਂ ਉਹ ਉਸ ਉੱਤੇ ਹੱਸਣ ਲੱਗੇ ਕਿਉਂ ਜੋ ਉਹ ਜਾਣਦੇ ਸਨ ਭਈ ਉਹ ਮੋਈ ਪਈ ਹੈ'' (8:53)। ਮੈਂ ਦਿਹਾੜੀ ਤੇ ਲਿਆਂਦੇ ਕਈ ਵੈਣ ਪਾਉਣ ਵਾਲਿਆਂ ਨੂੰ ਇਹ ਆਖਦਿਆਂ ਸੁਣਨ ਦੀ ਕਲਪਨਾ ਕਰ ਸਕਦਾ ਹਾਂ, ''ਇਹ ਕੀ ਮਜ਼ਾਕ ਹੈ! ਮੈਂ ਇਸ ਸਾਲ ਪੰਜਾਹ ਜਨਾਜ਼ੇ ਵੇਖੇ ਸਨ ਅਤੇ ਮੈਂ *ਜਾਣਦਾ* ਹਾਂ ਕਿ ਬੰਦਾ ਮਰ ਜਾਣ ਤੇ ਕਿਹੋ ਜਿਹਾ ਲਗਦਾ ਹੈ।''

ਮਜ਼ਾਕ ਕਰਨ ਵਾਲਿਆਂ ਅਤੇ ਬੇਪਰਤੀਤਿਆਂ ਨੂੰ ਬਾਹਰ ਦਾ ਰਸਤਾ ਵਿਖਾਉਣ ਦੇ ਬਾਅਦ (ਮਰਕੁਸ 5:40), ਮਸੀਹ ਆਪਣੇ ਤਿੰਨ ਚੇਲਿਆਂ, ਪਤਰਸ, ਯਾਕੂਬ ਅਤੇ ਯੂਹੰਨਾ (ਮਰਕੁਸ 5:37) ਜਿਨ੍ਹਾਂ ਨੂੰ ਰਸੂਲਾਂ ਵਿੱਚੋਂ ''ਨਜ਼ਦੀਕੀ'' ਮੰਨਿਆ ਜਾਂਦਾ ਹੈ। ਇਹ ਤਿੰਨਾਂ ਵਿੱਚੋਂ ਪਹਿਲਾਂ ਲਿਖੀ ਹੋਈ ਘਟਨਾ ਸੀ, ਜਦ ਯਿਸੂ ਨੇ ਉਨ੍ਹਾਂ ਦਾ ਖਾਸ ਧਿਆਨ ਦੁਆਉਣ ਲਈ ਅੱਡ ਕੀਤਾ ਸੀ।[19]

ਇਸ ਨਾਟਕੀ ਦ੍ਰਿਸ਼ ਨੂੰ ਆਪਣੇ ਮਨ ਵਿਚ ਉਤਾਰਨ ਦੀ ਕੋਸ਼ਿਸ਼ ਕਰੋ। ਮਸੀਹ ਕੁੜੀ ਦੀ ਬੇ-ਜਾਨ ਦੇਹ ਕੋਲ ਚੱਲ ਕੇ ਗਿਆ, ਉਸ ਦਾ ਹੱਥ ਫੜ੍ਹਦਾ ਹੈ, ਜੋ ਮੌਤ ਹੋ ਜਾਣ ਕਰਕੇ ਠੰਡਾ ਪੈ ਚੁੱਕਿਆ ਸੀ। ਉਸਨੇ ਹੌਲੀ ਜਿਹੀ ਕਿਹਾ, '' 'ਤਲੀਥਾ ਕੂਮੀ' ਜਿਹਦਾ ਅਰਥ ਇਹ ਹੈ ਕਿ ਹੇ ਕੰਨਿਆ, ਮੈਂ ਤੈਨੂੰ ਆਖਦਾ ਹਾਂ, ਉੱਠ!'' (ਮਰਕੁਸ 5:41) ਬੋਲ ਬਿਲਕੁਲ ਸਾਫ਼ ਸਨ, ਅਜਿਹੇ ਬੋਲ ਜੋ ਸਵੇਰ ਵੇਲੇ ਕਿਸੇ ਬੱਚੇ ਨੂੰ ਜਗਾਉਣ ਲਈ ਕਹੇ ਜਾ ਸਕਦੇ ਹਨ।[20]

ਝੱਟ, ਉਸ ਕੁੜੀ ਦੀ ''ਆਤਮਾ ਮੁੜ ਆਈ'' (ਲੂਕਾ 8:55)।[21] ਕੀ ਤੁਸੀਂ ਉਸ ਦੀਆਂ ਝਮੱਕਦੀਆਂ ਅੱਖਾਂ ਵੇਖ ਸਕਦੇ ਹੋ? ਕੀ ਤੁਸੀਂ ਉਸਦੇ ਮਾਪਿਆਂ ਦੀ ਵੱਧਦੀ ਹੋਈ ਧੜਕਣ ਨੂੰ ਸੁਣ ਸਕਦੇ ਹੋ? ਮਰਕੁਸ 5:42 ਆਖਦਾ ਹੈ ਕਿ ਉਹ ''ਝੱਟ ਉੱਠ ਖੜੀ ਹੋਈ ਅਤੇ ਚੱਲਣ ਫਿਰਨ ਲੱਗੀ।''[22] ਕੀ ਤੁਸੀਂ ਉਸ ਨੂੰ ਭੱਜਦੇ ਹੋਏ ਆਪਣੇ ਮਾਪਿਆਂ ਦੀਆਂ ਬਾਹਾਂ ਵਿਚ ਜਾਂਦੇ ਹੋਏ ਵੇਖ ਸਕਦੇ ਹੋ? ਕੀ ਤੁਸੀਂ ਯਿਸੂ ਨੂੰ ਮੁਸਕਰਾਉਂਦੇ ਅਤੇ ਘਬਰਾਈ ਹੋਈ ਮਾਂ ਨੂੰ ਆਪਣੀ ਬੇਟੀ ਲਈ ਖਾਣਾ ਤਿਆਰ ਕਰਨ ਲਈ ਆਖਣ ਦੀ ਕਲਪਨਾ ਕਰ ਸਕਦੇ ਹੋ (ਮਰਕੁਸ 5:43; ਲੂਕਾ 8:55)?[23]

ਫ਼ਰੀਸੀਆਂ ਦੇ ਵੱਧਦੇ ਵੈਰ ਕਰਕੇ, ਯਿਸੂ ਇਸ ਘਟਨਾ ਨੂੰ ਗੁਪਤ ਹੀ ਰੱਖਣਾ ਚਾਹੁੰਦਾ ਸੀ। ਉਸ ਨੇ ਜੈਰੁਸ ਅਤੇ ਉਸ ਦੀ ਪਤਨੀ ਨੂੰ ''ਤਗੀਦ ਨਾਲ ਹੁਕਮ ਕੀਤਾ ਭਈ ਕੋਈ ਇਹ ਗੱਲ ਨਾ ਜਾਣੇ'' (ਮਰਕੁਸ 5:43; ਵੇਖੋ ਲੂਕਾ 8:56)– ਪਰ, ਹੋਰ ਘਟਨਾਵਾਂ ਵਾਂਗ ਇਸ ਦੀ ਖਬਰ ਵੀ ''ਉਸ ਸਾਰੇ ਦੇਸ਼ ਵਿਚ ਖਿੰਡ ਗਈ'' (ਮੱਤੀ 9:26)।

ਪਰ, ਜੋ ਘਟਨਾ ਮੈਂ ਤੁਹਾਡੇ ਮਨ ਵਿਚ ਬਿਠਾਉਣਾ ਚਾਹੁੰਦਾ ਹਾਂ, ਉਹ ਖੁਸ਼ੀ ਨਾਲ ਪਾਗਲ ਇਕ ਮਾਂ ਦੇ ਆਪਣੀ ਬੇਟੀ ਨੂੰ ਖਾਣ ਲਈ ਬੇਨਤੀ ਕਰਨਾ ਹੈ, ਜਦ ਕਿ ਇਕ ਮੁਸਕਰਾਉਂਦਾ ਹੋਇਆ ਬਾਪ

ਉਸ ਨੂੰ ਵੇਖ ਰਿਹਾ ਹੈ। ਜੇ ਤੁਸੀਂ ਉਸ ਆਦਮੀ ਤੋਂ ਪੁੱਛਦੇ, ''ਜੈਰੁਸ, ਕੀ ਤੈਨੂੰ ਨਿਹਚਾ ਹੈ?'' ਤਾਂ ਉਸ ਦਾ ਡੰਕੇ ਦੀ ਚੋਟ ਤੇ ਜਵਾਬ ਹੁੰਦਾ ਹੈ ''ਬਿਲਕੁਲ'' ਹੈ!

## "ਹੇ ਅੰਨ੍ਹਿਓ, ਕੀ ਤੁਹਾਨੂੰ ਨਿਹਚਾ ਹੈ ?" (ਮੱਤੀ 9:27-34)

### ਅੱਖ ਦੇ ਅੰਨ੍ਹੇ ਦੀ ਨਿਹਚਾ (ਆਇਤਾਂ 27-31)

ਮੱਤੀ ਦੇ ਮੁਤਾਬਕ, ਯਿਸੂ ਦੇ ਜੈਰੁਸ ਦੇ ਘਰ ਤੋਂ ਜਾਣ ਦੇ ਬਾਅਦ ਦੋ ਅੰਨ੍ਹੇ ਹਾਕਾਂ ਮਾਰਦੇ ਆਏ ਕਿ ''ਹੇ ਦਾਊਦ ਦੇ ਪੁੱਤਰ, ਸਾਡੇ ਉੱਤੇ ਦਯਾ ਕਰ''[24] ਉਸ ਦੇ ਮਗਰ ਚੱਲ ਪਏ (ਆਇਤ 27)। ਉਹ ਉਸ ਦੇ ਮਗਰ ਉਸ ਘਰ ਤਕ ਚਲੇ ਗਏ, ਜਿੱਥੇ ਉਹ ਰੁਕਿਆ ਹੋਇਆ ਸੀ (ਆਇਤ 28)। ਅਖ਼ੀਰ ਵਿਚ, ਮਸੀਹ ਨੇ ਉਨ੍ਹਾਂ ਵੱਲ ਮੁੜ ਕੇ ਪੁੱਛਿਆ, ''ਭਲਾ, ਤੁਹਾਨੂੰ ਨਿਹਚਾ ਹੈ ਜੋ ਮੈ ਇਹ ਕੰਮ ਕਰ ਸਕਦਾ ਹਾਂ? ਉਨ੍ਹਾਂ ਉਸ ਨੂੰ ਆਖਿਆ, ''ਹਾਂ, ਪ੍ਰਭੂ ਜੀ। ਤਦ ਉਹ ਉਨ੍ਹਾਂ ਦੀਆਂ ਅੱਖੀਆਂ ਨੂੰ ਛੂਹ ਕੇ ਬੋਲਿਆ,[25] ਜਿਹੀ ਤੁਹਾਡੀ ਨਿਹਚਾ ਹੈ ਤੁਹਾਡੇ ਲਈ ਤਿਹਾ ਹੀ ਹੋਵੇ'' (ਮੱਤੀ 9:28–30)। ਇਕ ਵਾਰ ਫੇਰ, ਯਿਸੂ ਨੇ ਤਗੀਦ ਨਾਲ ਉਨ੍ਹਾਂ ਨੂੰ ਖ਼ਬਰਦਾਰ ਕੀਤਾ ਕਿ ਕਿਸੇ ਨੂੰ ਨਾ ਦੱਸਣ (ਆਇਤ 30ਅ) ਅਤੇ ਇਕ ਵਾਰ ਫੇਰ ਇਹ ਖ਼ਬਰ ਅੱਗ ਵਾਂਗ ਪੂਰੇ ਦੇਸ਼ ਵਿਚ ਫੈਲ ਗਈ (ਆਇਤ 31)।

### ਮਨ ਦੇ ਅੰਨ੍ਹੇ ਦੀ ਨਿਹਚਾ (ਆਇਤਾਂ 32-34)

ਘਰੋਂ ਬਾਹਰ ਨਿੱਕਲਦਿਆਂ ਹੀ, ਮਸੀਹ ਦੇ ਚੁਫ਼ੇਰੇ ਭੀੜ ਲੱਗ ਗਈ ਅਤੇ ਉਸ ਨੇ ਸਿਖਾਉਣ ਅਤੇ ਚੰਗਿਆਈ ਦੀ ਆਪਣੀ ਸੇਵਕਾਈ ਫੇਰ ਤੋਂ ਸ਼ੁਰੂ ਕਰ ਦਿੱਤੀ। ਭੂਤ ਚੰਬੜੇ ਇਕ ਆਦਮੀ ਨੂੰ, ਜੋ ਬੋਲ ਨਹੀਂ ਸਕਦਾ ਸੀ,[26] ਉਸ ਦੇ ਕੋਲ ਲਿਆਂਦਾ ਗਿਆ (ਆਇਤ 32)। ਯਿਸੂ ਵੱਲੋਂ ਬਦਰੂਹਾਂ ਨੂੰ ਕੱਢ ਦਿੱਤਾ ਜਾਣ ਤੇ ਉਹ ਗੂੰਗਾ ਬੋਲਣ ਲਗ ਪਿਆ। ''ਅਤੇ ਭੀੜ ਅਚਰਜ ਮੰਨ ਕੇ ਆਖਣ ਲੱਗੀ ਭਈ ਇਸਰਾਏਲ ਵਿਚ ਇਸ ਪ੍ਰਕਾਰ ਕਦੀ ਨਹੀਂ ਵੇਖਿਆ'' (ਆਇਤ 33)।

ਆਮ ਤੌਰ ਤੇ, ਪ੍ਰਭੂ ਦੀ ਅਲੋਚਨਾ ਕਰਦੇ ਰਹਿਣ ਵਾਲੇ ਵੀ ਉੱਥੇ ਸਨ। ਉਨ੍ਹਾਂ ਨੇ ਫੇਰ ਕੁਫ਼ਰ ਵਾਲਾ ਆਪਣਾ ਇਲਜ਼ਾਮ ਦੁਹਰਾਇਆ: ''ਉਹ ਤਾਂ ਭੂਤਾਂ ਨੂੰ ਕੱਢਦਾ ਹੈ'' (ਆਇਤ 34)।[27] ਮੁਤਅੱਸਬ ਨੇ ਉਨ੍ਹਾਂ ਦੇ ਕੰਨ ਬੰਦ ਕਰ ਦਿੱਤੇ ਸਨ ਅਤੇ ਉਨ੍ਹਾਂ ਦੇ ਮਨ ਦੀਆਂ ਅੱਖਾਂ ਅੰਨ੍ਹੀਆਂ ਹੋ ਗਈਆਂ ਸਨ (ਵੇਖੋ ਮੱਤੀ 13:15)। ਮਸੀਹ ਜੋ ਵੀ ਕਰੇ, ਉਨ੍ਹਾਂ ਨੇ ਉਸ ਉੱਤੇ ਨਿਹਚਾ ਨਾ ਕਰਨ ਦੀ ਧਾਰੀ ਹੋਈ ਸੀ।

## "ਨਾਸਰਤ ਦੇ ਲੋਕੋ, ਕੀ ਤੁਹਾਨੂੰ ਨਿਹਚਾ ਹੈ ?" (ਮੱਤੀ 13:54-58; ਮਰਕੁਸ 6:1-6; ਲੂਕਾ 4:16-30)

ਜੈਰੁਸ ਦੀ ਬੇਟੀ ਨੂੰ ਚੰਗਾ ਕਰਨ ਦੇ ਥੋੜ੍ਹੀ ਦੇਰ ਬਾਅਦ (ਮਰਕੁਸ 5:37–43), ਯਿਸੂ ਆਪਣੇ ਨਗਰ ਨਾਸਰਤ ਵਿਚ ਚੱਲਿਆ ਗਿਆ (ਮਰਕੁਸ 6:1)। ਇਹ ਆਮ ਤੌਰ ਤੇ ਗਲੀਲ ਦੇ ਉਸ ਦੇ ਤੀਜੇ ਸਫ਼ਰ ਦਾ ਪਹਿਲਾ ਅਟਕਾਅ ਸੀ[28] (ਮਰਕੁਸ 6:6; ਵੇਖੋ ਮੱਤੀ 9:35)।

ਲੂਕਾ ਨੇ ਆਪਣੇ ਪਹਿਲੇ ਵਿਰਤਾਂਤ ਵਿਚ ਸਾਫ਼ ਤੌਰ ਤੇ ਇਹ ਸਮਝਾਉਣ ਲਈ ਕਿ ਆਪਣੀ ਗਲੀਲੀ ਸੇਵਕਾਈ ਦੌਰਾਨ ਉਸ ਨੇ ਨਾਸਰਤ ਦੀ ਥਾਂ ਕਫ਼ਰਨਾਹੂਮ ਨੂੰ ਆਪਣਾ ਮੁੱਖ ਦਫ਼ਤਰ ਕਿਉਂ ਬਣਾਇਆ ਸੀ (ਵੇਖੋ ਲੂਕਾ 4:16–31), ਨਾਸਰਤ ਵਿਚ ਮਸੀਹ ਦੇ ਪਹਿਲਾਂ ਠੁਕਰਾਏ ਜਾਣ ਦੇ ਬਾਰੇ ਲਿਖਿਆ ਸੀ। ਇਸ ਕਰਕੇ ਬਹੁਤ ਸਾਰੇ ਲੇਖਕਾਂ ਦਾ ਇਹ ਮੰਨਣਾ ਹੈ ਕਿ ਯਿਸੂ ਨਾਸਰਤ ਵਿੱਚੋਂ ਦੋ ਵਾਰ ਠੁਕਰਾਇਆ ਗਿਆ ਸੀ: ਇਕ ਵਾਰ ਆਪਣੀ ਗਲੀਲੀ ਸੇਵਕਾਈ ਦੇ ਸ਼ੁਰੂ ਵਿਚ ਅਤੇ ਦੂਜੀ ਵਾਰ ਉਸ ਸੇਵਕਾਈ ਦੇ ਅਖ਼ੀਰ ਦੇ ਨੇੜੇ। ਇਵੇਂ ਹੋ ਸਕਦਾ ਹੈ,[29] ਪਰ ਮੈਨੂੰ ਲੱਗਦਾ ਹੈ ਕਿ ਮੱਤੀ

ਅਤੇ ਮਰਕੁਸ ਦੇ ਵਿਰਤਾਂਤ ਲੂਕਾ ਤੋਂ ਪਹਿਲਾਂ ਹਨ, ਕਿਉਂਕਿ ਹਰ ਵਿਰਤਾਂਤ ਵਿਚ ਯਿਸੂ ਸਿਨਾਗੋਗ ਵਿਚ ਜਾ ਕੇ ਸਿਖਾਉਣ ਲੱਗਾ (ਮੱਤੀ 13:54; ਮਰਕੁਸ 6:2; ਲੂਕਾ 4:16–21)। ਹਰ ਵਿਰਤਾਂਤ ਵਿਚ ਲੋਕ ਪਹਿਲਾ ਉਸਦੀਆਂ ਗੱਲਾਂ ਤੋਂ ਪ੍ਰਭਾਵਿਤ ਹੋਏ (ਮੱਤੀ 13:54; ਮਰਕੁਸ 6:2; ਲੂਕਾ 4:22) ਅਤੇ ਫਿਰ ਉਨ੍ਹਾਂ ਨੂੰ ਠੋਕਰ ਲੱਗੀ, ਕਿਉਂਕਿ ਉਨ੍ਹਾਂ ਦੀ ਨਜ਼ਰ ਵਿਚ ਉਹ ''ਗਲੀਆਂ ਵਿਚ ਖੇਡਦਾ ਹੁੰਦਾ'' ਹੀ ਤਾਂ ਸੀ (ਵੇਖੋ ਮੱਤੀ 13:55–57; ਮਰਕੁਸ 6:3, 4; ਲੂਕਾ 4:22)। ਇਹ ਸੱਚ ਹੈ ਕਿ ਮੱਤੀ ਅਤੇ ਮਰਕੁਸ ਉਹ ਵੇਰਵੇ ਦਿੰਦੇ ਹਨ, ਜੋ ਮੱਤੀ ਨਹੀਂ ਦਿੰਦਾ, ਪਰ ਇਹ ਵੀ ਸੱਚ ਹੈ ਕਿ ਲੂਕਾ ਉਹ ਜਾਣਕਾਰੀ ਦਿੰਦਾ ਹੈ, ਜੋ ਮੱਤੀ ਅਤੇ ਮਰਕੁਸ ਵਿਚ ਨਹੀਂ ਮਿਲਦੀ; ਪਰ ਇਹ ਵਿਚਾਰ ਅੰਤਰ ਵਿਰੋਧੀ ਨਹੀਂ, ਬਲਕਿ ਪੂਰਕ ਹੈ। ਜੋ ਵੀ ਹੋਵੇ, ਤਿੰਨੇ ਵਿਰਤਾਂਤ ਜਾਇਜ਼ ਤੌਰ ਤੇ ਇਕ ਦੂਜੇ ਨਾਲ ਐਨੇ ਮਿਲਦੇ ਹਨ ਕਿ ਉਨ੍ਹਾਂ ਦਾ ਅਧਿਐਨ ਇਕੱਠੇ ਕਰਨਾ ਲਾਹੇਵੰਦ ਹੋ ਸਕਦਾ ਹੈ। ਇਸ ਘਟਨਾ ਨੂੰ ਵਿਰਤਾਂਤ ਦੇ ਰੂਪ ਵਿਚ ਅਗਲੇ ਸਰਮਨ ਵਿਚ ਦੱਸਿਆ ਗਿਆ ਹੈ, ਪਰ ਹੁਣ ਕੁਝ ਨੋਟਸ ਹੀ ਹਨ, ਖ਼ਾਸ ਤੌਰ ਤੇ ਵਿਸ਼ਵਾਸ ਜਾਂ ਨਿਹਚਾ ਦੇ ਮਹੱਤਵ ਸਾਡੇ ਵਿਸ਼ੇ ਦੇ ਸਬੰਧ ਵਿਚ ਹੈ।

**ਨਿਹਚਾ ਸੰਭਵ (ਮੱਤੀ 13:54; ਮਰਕੁਸ 6:1, 2; ਲੂਕਾ 4:16-22)**

ਯਿਸੂ ਨਾਸਰਤ ਨੂੰ ਮੁੜ ਆਇਆ, ਜਿੱਥੇ ਉਸਦਾ ਬਚਪਨ ਗੁਜ਼ਾਰਿਆ ਸੀ, ਅਤੇ ਉੱਥੇ ਸਿਨਾਗੋਗ ਵਿਚ ਜਾਂਦਾ ਹੁੰਦਾ ਸੀ।[30] ਬੰਦਗੀ ਵਿਚ ਹਿੱਸਾ ਲੈਣ ਦਾ ਮੌਕਾ ਮਿਲਣ ਤੇ ਉਸ ਨੇ ਯਸਾਯਾਹ 61 ਅਧਿਆਇ ਵਿੱਚੋਂ ਪੜ੍ਹਿਆ ਸੀ, ਜੋ ਆਉਣ ਵਾਲੇ ਮਸੀਹਾ ਬਾਰੇ ਇਕ ਅਹਿਮ ਨਬੂਵਤ ਸੀ। ਫਿਰ ਉਸ ਨੇ ਕਿਹਾ ਸੀ ਕਿ ''ਇਹ ਲਿਖਤ ਅੱਜ ਤੁਹਾਡੇ ਕੰਨਾਂ ਵਿਚ ਪੂਰੀ ਹੋਈ ਹੈ'' (ਲੂਕਾ 4:21)। ਦੂਜੇ ਸਬਦਾਂ ਵਿਚ ਉਸ ਨੇ ਉੱਥੇ ਹੋਣ ਦਾ ਦਾਅਵਾ ਕੀਤਾ, ਜਿਸਦੀ ਨਬੀ ਨੇ ਗੱਲ ਕੀਤੀ ਸੀ।

**ਨਿਹਚਾ ਠੁਕਰਾਈ ਗਈ (ਮੱਤੀ 13:54-58; ਮਰਕੁਸ 6:2-6; ਲੂਕਾ 4:22-30)**

ਪ੍ਰਤੀਕਿਰਿਆ ਮਿਲੀ ਜੁਲੀ ਸੀ। ਉਸ ਦੇ ਸੁਣਨ ਵਾਲੇ ਇਸ ਗੱਲ ਉੱਤੇ ਫ਼ਖ਼ਰ ਕਰਦੇ ਸਨ ਕਿ ''ਆਪਣੇ ਸ਼ਹਿਰ ਦਾ ਇਕ ਮੁੰਡਾ ਐਨਾ ਵੱਡਾ ਹੋ ਗਿਆ'' ਸੀ, ਪਰ ਉਸ ਦੇ ਦਾਅਵੇ ਉਨ੍ਹਾਂ ਨੂੰ ਅਪਮਾਨਜਨਕ ਲੱਗਦੇ ਸਨ। ਉਨ੍ਹਾਂ ਦੇ ਮਨਾਂ ਵਿਚ ਆਉਣ ਵਾਲੇ ਵਿਚਾਰਾਂ ਦੀ ਕਲਪਨਾ ਕਰਨਾ ਮੁਸ਼ਕਿਲ ਨਹੀਂ ਹੈ: ''ਨਿੱਕਾ ਹੁੰਦਾ ਉਹ ਮੇਰੇ ਮੁੰਡਿਆਂ ਨਾਲ ਹੀ ਤਾਂ ਖੇਡਦਾ ਹੁੰਦਾ ਸੀ! ਉਹ ਆਪਣੇ ਆਪ ਨੂੰ ਸਮਝਦਾ ਕੀ ਹੈ?'' NASB ਵਿਚ ''ਉਨ੍ਹਾਂ ਨੇ ਉਸ ਤੋਂ ਠੋਕਰ ਖਾਧੀ'' (ਮੱਤੀ 13:57)। ਨਿਊ ਸੈਂਚਰੀ ਵਰਜ਼ਨ[31] ਵਿਚ ਕਿਹਾ ਗਿਆ ਹੈ ਕਿ ''ਲੋਕ ਯਿਸੂ ਤੋਂ ਪਰੇਸ਼ਾਨ ਸਨ।''

ਉਹ ਸੋਲਾਂ ਜਾਂ ਥੋੜ੍ਹਾ ਵੱਧ ਮੀਲ ਦੂਰ ਕਫ਼ਰਨਾਹੂਮ ਵਿਚ ਕੀਤੇ ਗਏ ਉਸ ਦੇ ਅਚੰਭੇ ਕੰਮਾਂ ਤੋਂ ਵਾਕਫ਼ ਸਨ, ਅਤੇ ਚਾਹੁੰਦੇ ਸਨ ਕਿ ਉਹ ਉਨ੍ਹਾਂ ਲਈ ਕੋਈ ਹੈਰਾਨ ਕਰਨ ਵਾਲੇ ਕਮਾਲ ਦਿਖਾਵੇ (ਵੇਖੋ ਲੂਕਾ 4:23)। ਸਿੱਧੇ ਤੌਰ ਤੇ ਉਹ ਫ਼ਰੀਸੀਆਂ ਵਾਂਗ ''ਨਿਸ਼ਾਨ'' ਚਾਹੁੰਦੇ ਸਨ (ਵੇਖੋ ਮੱਤੀ 12:38–42)। ਉਨ੍ਹਾਂ ਦੀ ਇਹ ਇੱਛਾ ਨਿਹਚਾ ਦੀ ਨਹੀਂ, ਸਗੋਂ ਬੇਪਰਤੀਤੀ ਦਾ ਸੰਕੇਤ ਸੀ। ਮਸੀਹ ਨੇ ਨਾਸਰਤ ਵਿਚ ਕੁਝ ਮੋਅਜਜ਼ੇ ਕੀਤੇ ਸਨ, ਜਿਵੇਂ ਉਸ ਨੇ ''ਥੋੜ੍ਹੇ ਜਿਹੇ ਰੋਗੀਆਂ ਉੱਤੇ ਹੱਥ ਰੱਖ ਕੇ ਉਨ੍ਹਾਂ ਨੂੰ ਚੰਗਾ ਕੀਤਾ'' (ਮਰਕੁਸ 6:5),[32] ਪਰ ''ਉਹ ਨੇ ਉਨ੍ਹਾਂ ਦੀ ਬੇਪਰਤੀਤੀ ਕਰਕੇ ਉੱਥੇ ਬਹੁਤ ਕਰਾਮਾਤਾਂ ਨਾ ਕੀਤੀਆਂ'' (ਮੱਤੀ 13:58)।

ਜਦੋਂ ਲੋਕਾਂ ਦਾ ਉਸਦੀ ਜਾਨ ਲੈਣ ਲਈ ਝਗੜਾ ਹੁੱਲੜਬਾਜੀ ਵਿਚ ਬਦਲ ਗਿਆ, ਤਾਂ ਯਿਸੂ ਨੇ ਅਫ਼ਸੋਸ ਨਾਲ ਉਨ੍ਹਾਂ ਨੂੰ ਦੱਸਿਆ ਕਿ ਨਬੀ ਦੀ ਕਦਰ ਉਸ ਦੇ ਆਪਣੇ ਦੇਸ਼ ਵਿਚ ਨਹੀਂ ਹੁੰਦੀ (ਮੱਤੀ 13:57; ਮਰਕੁਸ 6:4; ਵੇਖੋ ਯੂਹੰਨਾ 4:44)। ਯਿਸੂ ਇਨ੍ਹਾਂ ਲੋਕਾਂ ਨੂੰ ਜਾਣਦਾ ਸੀ। ਉਹ ਉਨ੍ਹਾਂ ਦੇ ਨਾਲ ਵੱਡਾ ਹੋਇਆ ਸੀ ਅਤੇ ਰਹਿੰਦਾ ਸੀ, ਉਨ੍ਹਾਂ ਦੇ ਨਾਲ ਕੰਮ ਕਰਦਾ ਸੀ ਅਤੇ ਉਨ੍ਹਾਂ ਦੀ ਮਦਦ

ਕਰਦਾ ਸੀ। ਉਹ ਉਨ੍ਹਾਂ ਨਾਲ ਪਿਆਰ ਕਰਦਾ ਸੀ। ਇਸ ਨਾਲ ਉਸ ਦਾ ਮਨ ਜ਼ਰੂਰ ਦੁਖੀ ਹੋਇਆ ਹੋਵੇਗਾ ਕਿ ਉਨ੍ਹਾਂ ਨੇ ਉਸ ਵਿਚ ਨਿਹਚਾ ਕਰਨ ਤੋਂ ਇਨਕਾਰ ਕਰ ਦਿੱਤਾ ਸੀ। NASB ਵਿਚ ਹੈ, ''ਉਸ ਨੇ ਉਨ੍ਹਾਂ ਦੀ ਬੇਪਰਤੀਤੀ ਉੱਤੇ ਅਚਰਜ ਮੰਨਿਆ'' (ਮਰਕੁਸ 6:6)। ਇਕ ਅਨੁਵਾਦ ਵਿਚ ਕਿਹਾ ਗਿਆ ਹੈ, ''ਉਹਦੇ ਲਈ ਇਸ ਹਕੀਕਤ ਨੂੰ ਕਬੂਲ ਕਰਨਾ ਮੁਸ਼ਕਿਲ ਸੀ ਕਿ ਉਨ੍ਹਾਂ ਨੇ ਉਸ ਵਿਚ ਨਿਹਚਾ ਨਹੀਂ ਕੀਤਾ'' (ਲਿਵਿੰਗ ਬਾਈਬਲ)।

## ਸਾਰ

ਇੱਕ ਪਾਸੇ, ਅਸੀਂ ਜੈਰੁਸ ਦੀ ਨਿਹਚਾ, ਬਿਮਾਰ ਔਰਤ ਦੀ ਨਿਹਚਾ ਅਤੇ ਦੋ ਅੰਨ੍ਹਿਆਂ ਦੀ ਨਿਹਚਾ ਵੇਖੀ, ਦੂਜੇ ਪਾਸੇ ਜੈਰੁਸ ਦੇ ਘਰ ਵਿਚ ਵੈਣ ਪਾਉਣ ਵਾਲਿਆਂ ਦੀ ਬੇਪਰਤੀਤੀ, ਫ਼ਰੀਸੀਆਂ ਦੀ ਬੇਪਰਤੀਤੀ ਅਤੇ ਨਾਸਰੀਆਂ ਦੀ ਬੇਪਰਤੀਤੀ ਵੇਖੀ ਹੈ। ਜ਼ਿੰਦਗੀ ਵਿਚ ਇਸ ਤੋਂ ਵੱਡਾ ਸਵਾਲ ਕੋਈ ਨਹੀਂ ਹੈ ਕਿ ਕੀ ਸਾਨੂੰ ਯਿਸੂ ਵਿਚ ਨਿਹਚਾ ਹੈ? ਜਦ ਤਕ ਸਾਨੂੰ ਵਿਸ਼ਵਾਸ ਨਹੀਂ ਹੈ, ਪ੍ਰਭੂ ਸਾਡੀ ਜ਼ਿੰਦਗੀ ਵਿਚ ਬਰਕਤ ਨਹੀਂ ਦੇ ਸਕਦਾ (ਵੇਖੋ ਮਰਕੁਸ 6:5)। ਮਸੀਹ ਉੱਤੇ ਅਧਿਐਨ ਜਾਰੀ ਰੱਖਦਿਆਂ, ਮੇਰੀ ਦੁਆ ਹੈ ਕਿ ਤੁਹਾਡਾ ਨਿਹਚਾ ਉਸ ਵਿਚ ਵਧੇ (ਯੂਹੰਨਾ 20:30, 31; ਰੋਮੀਆਂ 10:17)।

## ਨੋਟਸ

ਪਹਿਲਾਂ ਵਾਂਗ, ਸਾਡੇ ਵਿਚ ਪਾਠ ਦੇ ਹਰ ਭਾਗ ਵਿਚ ਪ੍ਰਚਾਰ ਲਈ ਬਹੁਤ ਸਮੱਗਰੀ ਹੈ। ਤੁਸੀਂ ਆਖ ਸਕਦੇ ਹੋ ਕਿ ਮੈਂ ਜੈਰੁਸ ਦੀ ਧੀ ਨੂੰ ਜ਼ਿੰਦਾ ਕਰਨ ਦੀ ਕਹਾਣੀ ਅਤੇ ''ਕੋਸ਼ਠਕ ਵਿਚ ਮੋਅਜਜ਼ੇ'' ਵਿਚ ਉਲਝ ਗਿਆ। ਮੈਨੂੰ ਜੇ ਇਨ੍ਹਾਂ ਘਟਨਾਵਾਂ ਤੇ ਪ੍ਰਚਾਰ ਕਰਨਾ ਹੋਵੇ, ਤਾਂ ਮੈਂ ਇਸ ਸਰਮਨ ਨੂੰ ''ਹੁਣ ਨਾ ਡਰ'' ਦਾ ਨਾਂਅ ਦਿਆਂਗਾ। ਮੈਂ ਜੈਰੁਸ ਦੀ ਘਬਰਾਹਟ ਅਤੇ ਨਿਰਾਸ਼ਾ ਤੇ ਜ਼ੋਰ ਦਿਆਂਗਾ, ਜੋ ਛੋਟੀ ਕੁੜੀ ਤੇ ਜ਼ੋਰ ਲਾ ਦੇਣ ਦੇ ਬਾਵਜੂਦ ਉਸ ਦੀ ਸੀ, ਪਰ ਫਿਰ ਵੀ ਖ਼ਬਰ ਆਈ ਕਿ ਉਹ ਮਰ ਗਈ ਹੈ। ਉੱਥੇ, ਯਿਸੂ ਨੇ ਕਿਹਾ, ''ਨਾ ਡਰ, ਕੇਵਲ ਨਿਹਚਾ ਕਰ'' (ਮਰਕੁਸ 5:36; ਲੂਕਾ 8:50)। ਜਦ ਸਾਰੀ ਕੋਸ਼ਿਸ਼ ਕਰਨ ਅਤੇ ਆਪਣੇ ਪੂਰੇ ਵਸੀਲੇ ਲਾ ਦੇਣ ਦੇ ਬਾਅਦ, ਲੱਗੇ ਕਿ ਸਾਡੀਆਂ ਦੁਆਵਾਂ ਦਾ ਜਵਾਬ ਨਹੀਂ ਮਿਲੇਗਾ, ਤਾਂ ਵਿਸ਼ਵਾਸ ਹੀ ਕੰਮ ਆਉਂਦਾ ਹੈ। ਮੇਰੀ ਪ੍ਰਸੰਗਕਤਾ ''ਬਸ ਵਿਸ਼ਵਾਸ ਕਰ'' ਤੇ ਹੋ ਸਕਦੀ ਹੈ: ''ਸਿਰਫ਼ ਪਰਮੇਸ਼ੁਰ ਤੇ ਵਿਸ਼ਵਾਸ ਰੱਖੋ, ਜੋ ਤੁਹਾਨੂੰ ਪਿਆਰ ਕਰਦਾ ਹੈ; ''ਸਿਰਫ਼ ਪਰਮੇਸ਼ੁਰ ਤੇ ਵਿਸ਼ਵਾਸ ਰੱਖੋ ਜੋ ਸਭ ਗੱਲਾਂ ਨੂੰ ਭਲਿਆਈ ਲਈ ਮਿਲਾ ਸਕਦਾ ਹੈ''; ਅਤੇ ਹੋਰ ਅਜਿਹੀਆਂ ਗੱਲਾਂ।

ਯਿਸੂ ਦੀ ਦੋ ਅੰਨ੍ਹਿਆਂ ਨੂੰ ਚੰਗਿਆਂ ਕਰਨ ਦੀ ਸੰਖੇਪ ਕਹਾਣੀ ਪ੍ਰਚਾਰ ਲਈ ਅਧਾਰ ਹੋ ਸਕਦੀ ਹੈ, ਪਰ ਅਸੀਂ ਅੰਨ੍ਹਿਆਂ ਨੂੰ ਯਿਸੂ ਵੱਲੋਂ ਚੰਗੇ ਹੋਣ ਦਾ ਹੋਰ ਨਾਟਕੀ ਵਿਰਤਾਂਤ ਬਾਅਦ ਵਿਚ ਵੇਖਾਂਗੇ: ਇਸ ਵਿਚ ਬਰਤਿਮਾਈ ਅਤੇ ਉਸ ਦਾ ਸਾਥੀ ਸ਼ਾਮਿਲ ਸੀ (ਮੱਤੀ 20:29–34; ਮਰਕੁਸ 10:46–52; ਲੂਕਾ 18:35–43)। ਇਸ ਪਾਠ ਦੇ ਬਾਅਦ ਨਾਸਰਤ ਵਿਚ ਯਿਸੂ ਦੇ ਠੁਕਰਾਏ ਜਾਣ ਤੇ ਇਕ ਸੰਦੇਸ਼ ਹੈ, ਜੋ ਬਾਰਨੇਟ ਨੇ ਇਸ ਕਹਾਣੀ ਉੱਤੇ ਅਧਾਰਿਤ ''ਹੁਣ ਕੋਈ ਅਕਾਊ ਐਤਵਾਰ ਨਹੀਂ'' ਨਾਮ ਦਾ ਪ੍ਰਚਾਰ ਤਿਆਰ ਕੀਤਾ ਸੀ।[33]

ਟਿੱਪਣੀਆਂ

[1]ਇਸੇ ਯੂਨਾਨੀ ਸ਼ਬਦ ਦਾ ਅਨੁਵਾਦ ਕਦੇ ''ਨਿਹਚਾ'' ਅਤੇ ਕਦੇ ''ਪਰਤੀਤ'' ਹੋਇਆ ਹੈ। [2]ਇਸ ਉੱਤੇ ਚਰਚਾ ਲਈ *ਮਸੀਹ ਦੀ ਜ਼ਿੰਦਗੀ, 2* ਕਿਤਾਬ ਵਿਚ ''ਸਭ ਨੇ ਹੈਰਾਨ ਹੋ ਕੇ ਪਰਮੇਸ਼ੁਰ ਦੀ ਵਡਿਆਈ

ਕੀਤੀ'' ਪਾਠ ਵੇਖੋ। [3]''ਸਿਨਾਗੋਗ ਦੇ ਅਧਿਕਾਰੀ'' ਇਕ ਮਿਲੇ ਜੁਲੇ ਯੂਨਾਨੀ ਸ਼ਬਦ ਤੋਂ ਅਨੁਵਾਦ ਕੀਤਾ ਗਿਆ ਹੈ, ਜਿਸ ਦਾ ਮੂਲ ਅਰਥ ਹੈ ''ਜੋ ਸਿਨਾਗੋਗ ਤੇ ਹੈ।'' [4]ਇੰਜੀਲ ਦੇ ਵਿਰਤਾਂਤਾਂ ਵਿਚ ''ਬਜ਼ੁਰਗ'' ਦਾ ਅਰਥ ਕਈ ਵਾਰ ''ਵੱਡੇ'' ਹੁੰਦਾ ਹੈ (ਮੱਤੀ 15:2), ਪਰ ਆਮ ਤੌਰ ਤੇ ਇਸ ਦੀ ਵਰਤੋਂ ਉਸ ਸਮੇਂ ਦੇ ਕਿਸੇ ਯਹੂਦੀ ਆਗੂ ਲਈ ਹੁੰਦੀ ਹੈ। ਯਹੂਦੀ ਪੁਰੋਹਿਤ ਤੰਤਰ ਵਿਚ ਸਿਨਾਗੋਗ ਦੇ ਬਜ਼ੁਰਗਾਂ ਦਾ ਰੁਤਬਾ ਗ੍ਰੰਥੀਆਂ ਤੋਂ ਨੀਵਾਂ ਹੁੰਦਾ ਸੀ। ''ਬਜ਼ੁਰਗ'' ਸ਼ਬਦ ਦੀ ਵਰਤੋਂ ਆਮ ਅਰਥ ਵਿਚ ਧਾਰਮਿਕ ਆਗੂਆਂ ਲਈ ਵੀ ਹੁੰਦੀ ਸੀ। ਯਿਸੂ ਨੇ ਹਮੇਸ਼ਾ ''ਬਜ਼ੁਰਗਾਂ ਅਤੇ ਪ੍ਰਧਾਨ ਯਾਜਕਾਂ ਅਤੇ ਗ੍ਰੰਥੀਆਂ'' ਵੱਲੋਂ ਵਿਰੋਧ ਕੀਤੇ ਜਾਣ ਦੀ ਗੱਲ ਕੀਤੀ (ਮੱਤੀ 16:21; ਵੇਖੋ 21:23)। ਮਹਾਂ ਸਭਾ ਨੂੰ ਕਈ ਵਾਰ ''ਬਜ਼ੁਰਗਾਂ ਦੀ ਮਹਾਂਸਭਾ'' ਕਿਹਾ ਜਾਂਦਾ ਸੀ (ਲੂਕਾ 22:66)। [5]ਸਮਾਜ ਦੇ ਅਧੀਨ ਅਫ਼ਸਰ ਨੂੰ ''ਸੇਵਕ'' ਕਿਹਾ ਜਾਂਦਾ ਸੀ (ਇਸ ਪਾਠ ਵਿਚ ਅੱਗੇ ਲੂਕਾ 4:20 ਵੇਖੋ)। [6]ਮੱਤੀ ਦੇ ਵਿਰਤਾਂਤ ਵਿਚ ਜੈਰੁਸ ਨੇ ਕਿਹਾ ਕਿ ਉਸ ਦੀ ਬੇਟੀ ''ਹੁਣੇ ਮਰੀ ਹੈ'' (ਮੱਤੀ 9:18)। ਸ਼ਇਦ ਪਿਤਾ ਦੇ ਦੁੱਖੀ ਮਨੋਂ ਕਹਿਣ ਦਾ ਮਤਲਬ ਸੀ ਕਿ ''ਮੇਰੇ ਆਉਣ ਤੇ ਉਹ ਲਗਭਗ ਮਰ ਹੀ ਗਈ ਸੀ ਅਤੇ ਹੁਣ ਸਭ ਖ਼ਤਮ ਹੋ ਚੁੱਕਾ ਹੋਵੇਗਾ। ਇਸ ਲਈ ਸਾਨੂੰ ਛੇਤੀ ਚੱਲਣਾ ਚਾਹੀਦਾ ਹੈ!'' ਵੈਦ ਲੂਕਾ ਨੇ ਜ਼ੋਰ ਦੇ ਕੇ ਕਿਹਾ ਹੈ ਕਿ ''ਉਹ ਮਰਨ ਵਾਲੀ ਸੀ'' (ਲੂਕਾ 8:42)। [7]ਸ਼ਾਇਦ ਯਿਸੂ ਕਫ਼ਰਨਾਹੂਮ ਨੂੰ ਮੁੜ ਆਇਆ। ''ਇਹ ਕੌਣ ਹੈ?'' ਪਾਠ ਤੇ ਵਿਚਾਰ ਕਰੋ। [8]ਜੇ. ਡਬਲਯੂ. ਮੈਕਗਰਵੇ ਐਂਡ ਫ਼ਿਲਿੱਪ ਵਾਈ. ਪੈਂਡਲਟਨ, *ਦ ਫ਼ੋਰਫੋਲਡ ਗੋਸਪਲ ਆਰ ਏ ਹਾਰਮਨੀ ਆਫ਼ ਦ ਫ਼ੋਰ ਗੌਸਪਲਜ਼* (ਸਿਨਸਿਨਾਟੀ: ਸਟੈਂਡਰਡ ਪਬਲਿਸ਼ਿੰਗ ਕੰ., 1914), 352. [9]''ਅਸ਼ੁੱਧ'' ਆਖਣ ਦਾ ਵਿਹਾਰਕ ਪਹਿਲੂ ਸੀ: ਕਈ ਵਾਰ ਰਵਾਇਤੀ ''ਅਸ਼ੁੱਧਤਾ'' ਛੂਤ ਵਾਲੀ ਹੁੰਦੀ ਹੈ। ''ਸ਼ੁੱਧ'' ਅਤੇ ''ਅਸ਼ੁੱਧ'' ਲਈ ਬਣੇ ਨਿਅਮਾਂ ਨਾਲ ਬਿਮਾਰੀ ਨੂੰ ਫੈਲਣ ਤੋਂ ਰੋਕਣ ਵਿਚ ਮਦਦ ਮਿਲਦੀ ਹੈ। [10]ਫ਼ਿਜ਼ਿਓਲੋਜੀ ਜਾਂ ਸਰੀਰ ਕਿਰਿਆ ਵਿਗਿਆਨ ''ਜੀਉਂਦੇ ਪ੍ਰਾਣੀਆਂ ਦੇ ਕੰਮਾਂ, ਗਤੀਵਿਧੀਆਂ ਅਤੇ ਪ੍ਰਤੀਕਿਰਿਆਵਾਂ ਦੀ ਜੀਵ ਵਿਗਿਆਨ'' ਹੈ (*ਅਮੈਰੀਕਨ ਹੈਰੀਟੇਜ ਡਿਕਸ਼ਨਰੀ,* ਜਿਲਦ 4 [2001], ਐਸ. ਵੀ. ''ਫ਼ਿਜ਼ਿਓਲੋਜੀ'')। ਪਹਿਲੀ ਸਦੀ ਵਿਚ, ਫ਼ਿਜ਼ਿਓਲੋਜੀ ਜਾਂ ਸਰੀਰ ਕਿਰਿਆ ਵਿਗਿਆਨ ਦਾ ਗਿਆਨ ਬਹੁਤ ਲਾਜ਼ਮੀ ਸੀ।

[11]''ਝਾਲਰ'' ਲੋਕਾਂ ਨੂੰ ਸ਼ਰ੍ਹਾ ਦੀ ਯਾਦ ਦੁਆਉਣ ਲਈ ਜ਼ਰੂਰੀ ਕਿਨਾਰੀਆਂ ਵਿਚ ਇਕ ਨੂੰ ਕਿਹਾ ਗਿਆ ਹੋ ਸਕਦਾ ਹੈ (ਵਿਵਸਥਾਸਾਰ 22:12)। ''ਪੱਲੇ ਨੂੰ ਛੁਹਣਾ'' ਇਸ ਗੱਲ ਦਾ ਸੰਕੇਤ ਦਿੰਦਾ ਹੈ ਕਿ ਆਦਮੀ ਪਹਿਲਾਂ ਹੀ ਕਿਸੇ ਵਿਸ਼ੇ ਨੂੰ ਸਮਝਣ ਜਾਂ ਕਿਸੇ ਮਕਸਦ ਨੂੰ ਪਾਉਣ ਲੱਗਾ ਹੈ। [12]ਇਸ ਤੋਂ ਇਹ ਸਮਝਣ ਵਿਚ ਮਦਦ ਮਿਲ ਸਕਦੀ ਹੈ ਕਿ ਵਿਚ ਵਿਚ ਉਸ ਨੂੰ ਅਰਾਮ ਕਰਨ ਦੀ ਲੋੜ ਕਿਉਂ ਪੈਂਦੀ ਸੀ ਅਤੇ ਉਸ ਲਈ ਦੁਆ ਐਨੀ ਅਹਿਮ ਕਿਉਂ ਸੀ। [13]ਇਸ ਦੀ ਇਕ ਉਦਾਹਰਣ ਯੂਹੰਨਾ 6:5, 6 ਵਿਚ ਹੈ। [14]ਉਹ ਇਸ ਲਈ ਕੰਬ ਰਹੀ ਹੋ ਸਕਦੀ ਹੈ, ਕਿਉਂਕਿ ਉਹਨੂੰ ਪਤਾ ਸੀ ਕਿ ਉਹਦੇ ਛੂਹਣ ਨਾਲ ਕੋਈ ਹੋਰ ਵੀ ''ਅਸ਼ੁੱਧ'' ਹੋ ਗਿਆ ਸੀ (ਲੇਵੀਆਂ ਦੀ ਪੋਥੀ 15:19)। ਰੱਬੀ ਉਸ ਨੂੰ ਝਿੜਕਦੇ ਸਨ ਪਰ ਯਿਸੂ ਨੇ ਨਹੀਂ ਝਿੜਕਿਆ। [15]''ਬਚ ਜਾਵੇਗੀ'' ਦੀ ਵਰਤੋਂ ਆਮ ਤੌਰ ਤੇ ਤਦੇ ਹੁੰਦੀ ਜੇ ਕੁੜੀ ''ਸਿਰਫ਼'' ਬੀਮਾਰ ਹੀ ਹੁੰਦੀ। ਇਕ ਵਾਰ ਫੇਰ ਮੈਂ ਜੋਰ ਦਿੰਦਾ ਹਾਂ ਕਿ ਮੁਰਦਿਆਂ ਨੂੰ ਜ਼ਿੰਦਾ ਕਰਨ ਦਾ ਮੋਅਜਜ਼ਾ ਬੀਮਾਰ ਨੂੰ ਚੰਗਿਆਂ ਕਰਨ ਦੇ ਮੋਅਜਜ਼ੇ ਵਾਂਗ ਹੀ ਸੀ। ਜੋ ਲੋਕ ਮੋਅਜਜ਼ੇ ਰਾਹੀਂ ਚੰਗਿਆਈ ਦੇਣ ਦੀ ਸ਼ਕਤੀ ਹੋਣ ਦਾ ਦਾਅਵਾ ਕਰਦੇ ਹਨ, ਉਨ੍ਹਾਂ ਨੂੰ ਮੁਰਦਿਆਂ ਨੂੰ ਜ਼ਿੰਦਾ ਕਰਕੇ ਆਪਣੇ ਦਾਅਵਿਆਂ ਨੂੰ ਪੱਕਾ ਕਰਨਾ ਚਾਹੀਦਾ ਹੈ। [16]ਗਰੀਬ ਵੀ ਘੱਟੋ ਘੱਟ ਸੋਗ ਲਈ ਇਕ ਔਰਤ ਨੂੰ ਸੱਦਣ ਦੀ ਆਸ ਤਾਂ ਕਰਦੇ ਹੀ ਸਨ। [17]''ਨੀਂਦ'' ਮੌਤ ਲਈ ਇਕ ਆਮ ਨਰਮ ਬਦਲਵਾਂ ਸ਼ਬਦ ਹੈ (ਵੇਖੋ ਯੂਹੰਨਾ 11:11–14)। ''ਕਬਰਿਸਤਾਨ'' ਦਾ ਬੁਨਿਆਦੀ ਅਰਥ ''ਸੌਣ ਦੀ ਥਾਂ'' ਹੈ। [18]ਵੈਣ ਪਾਉਣ ਵਾਲਿਆਂ ਨੇ ਹੋਰ ਮਜ਼ਾਕ ਕੀਤੇ ਹੋਣਗੇ। ਯਿਸੂ ਦੀ ਗੱਲ ਦੀ ਪ੍ਰਤੀਕਿਰਿਆ ਦਾ ਭਾਗ ਦਿਹਾੜੀ ਤੇ ਆਏ ਹੋਏ ਵੈਣ ਪਾਉਣ ਵਾਲਿਆਂ ਨੂੰ ਇਹ ਡਰ ਹੋਵੇਗਾ ਕਿ ਉਨ੍ਹਾਂ ਨੂੰ ਦਿਹਾੜੀ ਨਹੀਂ ਮਿਲੇਗੀ। [19]ਦੋ ਹੋਰ ਮੌਕੇ ਰੂਪ ਬਦਲਣ ਅਤੇ ਗਤਸਮਨੀ ਬਾਗ਼ ਵੇਲੇ ਦੇ ਹਨ (ਮੱਤੀ 17:1; ਮਰਕੁਸ 14:33)। ਯਿਸੂ ਲਈ ਇਹ ਤਿੰਨੇ ਮੌਕੇ ਖ਼ਾਸ ਕਿਉਂ ਸਨ, ਅਸੀਂ ਨਹੀਂ ਜਾਣਦੇ। ਸ਼ਾਇਦ ਭਵਿੱਖ ਵਿਚ ਉਸ ਦੀਆਂ ਭੂਮਿਕਾਵਾਂ ਕਰਕੇ: ਪਤਰਸ ਮੁੱਢਲੀ

ਕਲੀਸੀਆ ਵਿਚ ਆਗੂ ਸੀ; ਯਾਕੂਬ ਪਹਿਲਾ ਸ਼ਹੀਦ ਸੀ; ਜਿੱਥੋਂ ਤਕ ਅਸੀਂ ਜਾਣਦੇ ਹਾਂ, ਯੂਹੰਨਾ ਹੋਰਨਾਂ ਰਸੂਲਾਂ ਨਾਲੋਂ ਵੱਧ ਦੇਰ ਤਕ ਕੰਮ ਕਰਦਾ ਰਿਹਾ। ਇਹ ਤਿੰਨੇ ਜ਼ਰੂਰ ਹੀ ਉਨ੍ਹਾਂ ਲੋਕਾਂ ਵਿੱਚੋਂ ਸਨ, ਜਿਨ੍ਹਾਂ ਨੇ ਉਸ ਤੇ ਪਹਿਲਾਂ ਨਿਹਚਾ ਕੀਤਾ ਸੀ। [20]ਇਹ ਵਾਕ ਮੈਕਗਰਵੇ ਐਂਡ ਪੈਂਡਲਟਨ, 356 ਤੋਂ ਲਿਆ ਗਿਆ ਹੈ।

[21]ਇਹ ਯਿਸੂ ਵੱਲੋਂ ਮੁਰਦਿਆਂ ਨੂੰ ਜ਼ਿੰਦਾ ਕਰਨ ਦੀ ਦੂਜੀ ਲਿਖਤ ਘਟਨਾ ਹੈ। ਪਹਿਲੀ ਨਾਇਨ ਦੀ ਵਿਧਵਾ ਦੇ ਪੁੱਤਰ ਨੂੰ ਜ਼ਿੰਦਾ ਕਰਨ ਦੀ ਸੀ (ਲੂਕਾ 7)। ਤੀਜਾ ਲਾਜ਼ਰ ਨੂੰ ਜ਼ਿੰਦਾ ਕਰਨ ਦੀ ਹੋਵੇਗੀ (ਯੂਹੰਨਾ 11)। [22]ਛੋਟੀਆਂ ਕੁੜੀਆਂ ਬਾਰੇ ਜਾਣਨ ਕਰਕੇ, ਮੈਂ ਕਲਪਨਾ ਕਰਦਾ ਹਾਂ ਕਿ ਉਹ ਥੋੜ੍ਹੀ ਉੱਛਲੀ ਹੋਵੇਗੀ। [23]ਬੀਮਾਰ ਹੋਣ ਕਰਕੇ ਕੁੜੀ ਦੀ ਭੁੱਖ ਮਰ ਗਈ ਹੋਵੇਗੀ, ਅਤੇ ਉਸ ਨੇ ਕੁਝ ਸਮੇਂ ਤੋਂ ਕੁਝ ਨਹੀਂ ਖਾਧਾ ਹੋਵੇਗਾ। ਇਹ ਇਸ ਸਚਿਆਈ ਦੇ ਚਿੱਤਰ ਦੇ ਰੂਪ ਵਿਚ ਉਦਾਹਰਣ ਹੈ ਕਿ ਪਰਮੇਸ਼ੁਰ ਸਾਡੇ ਲਈ ਉਹ ਨਹੀਂ ਕਰਦਾ ਜੋ ਅਸੀਂ ਆਪਣੇ ਲਈ ਕਰ ਸਕਦੇ ਹਾਂ। [24]''ਦਾਊਦ ਦੀ ਸੰਤਾਨ'' ਯਹੂਦੀਆਂ ਵੱਲੋਂ, 2 ਸਮੂਏਲ 7:12 ਦੇ ਅਧਾਰ ਤੇ ਮਸੀਹਾ ਲਈ ਵਰਤਿਆ ਜਾਣ ਵਾਲਾ ਰੁਤਬਾ ਸੀ। [25]ਯਿਸੂ ਨੇ ਉਨ੍ਹਾਂ ਲੋਕਾਂ ਨੂੰ ਜਿਨ੍ਹਾਂ ਨੂੰ ਉਹ ਚੰਗਾ ਕਰਦਾ ਸੀ, ਕਈ ਵਾਰ ਛੂਹਿਆ ਸੀ ਅਤੇ ਕਈ ਵਾਰ ਨਹੀਂ ਵੀ। ਸ਼ਕਤੀ ਉਸ ਦੇ ਤਰੀਕੇ ਵਿਚ ਨਹੀਂ, ਬਲਕਿ ਉਸਦੇ ਆਪਣੇ ਵਿਚ ਸੀ। [26]ਉਸ ਆਦਮੀ ਨੂੰ ਭੂਤ ਚੰਬੜੇ ਹੋਣ ਦੇ ਨਾਲ ਕੋਈ ਜਿਸਮਾਨੀ ਤਕਲੀਫ਼ (ਬਹਿਰਾਪਨ, ਜਿਸ ਨਾਲ ਬੋਲਣ ਦੇ ਅਯੋਗ ਹੋ ਜਾਵੇ) ਪਰ ਉਸ ਦਾ ਗੁੰਗਾਪਣ ਭੂਤ ਚੰਬੜੇ ਹੋਣ ਕਰਕੇ ਸੀ (ਵੇਖੋ ਮਰਕੁਸ 9:17)। [27]ਇਸ ਇਲਜ਼ਾਮ ਲਈ ਯਿਸੂ ਦੇ ਜਵਾਬ ਲਈ *ਮਸੀਹ ਦੀ ਜ਼ਿੰਦਗੀ, 2* ਕਿਤਾਬ ਵਿਚ ''ਮਸਰੂਫ਼ ਦਿਨ'' ਪਾਠ ਵੇਖੋ। [28]ਤੀਜੀ ਵਾਰ ਜਾਣ ਦਾ ਅਧਿਐਨ ਅਸੀਂ ਅਗਲੇ ਪਾਠ ਵਿਚ ਕਰਾਂਗੇ। [29]ਯਿਸੂ ਲਈ ਨਾਸਰਤ ਵਿਚ ਜਾਣ ਅਤੇ ਉਨ੍ਹਾਂ ਨੂੰ ਇਕ ਹੋਰ ਮੌਕਾ ਦੇਣਾ ਯਕੀਨਨ ਹੀ ਉਸ ਦੇ ਦਿਆਲੂ ਸੁਭਾਅ ਨਾਲ ਮੇਲ ਖਾਂਦਾ ਸੀ। [30]ਲੂਕਾ ਦੇ ਵਿਰਤਾਂਤ ਵਿਚ ਉਸ ਸਮੇਂ ਤਕ ਦੀ ਸਿਨਾਗੋਗ ਦੀ ਸੇਵਾ ਦਾ ਸਭ ਤੋਂ ਸੰਖੇਪ ਵਿਚ ਵੇਰਵਾ ਦਿੱਤਾ ਗਿਆ ਹੈ। ਸਿਨਾਗੋਗ ਦੀਆਂ ਸੇਵਾਵਾਂ ਬਾਰੇ ਜਿੰਨਾਂ ਅਸੀਂ ਜਾਣਦੇ ਹਾਂ, ਉਹ ਆਮ ਤੌਰ ਤੇ ਕਈ ਸਾਲ ਬਾਅਦ ਲਿਖੇ ਗਏ ਬਾਈਬਲ ਤੋਂ ਬਾਹਰ ਦੇ ਵਸੀਲਿਆਂ ਤੋਂ ਮਿਲਦਾ ਹੈ।

[31]*ਦ ਅਂਸਰ* (ਡਲਾਸ: ਵਰਡ ਬਾਈਬਲਜ਼, 1993), 980. [32]ਮਰਕੁਸ ਦਾ ਬਿਰਤਾਂਤ ਆਖਦਾ ਹੈ ਕਿ ਯਿਸੂ ''ਉੱਥੇ ਕੋਈ ਕਰਾਮਾਤ ਨਾ ਵਿਖਾ ਸਕਿਆ ਪਰ ਥੋੜ੍ਹੇ ਜਿਹੇ ਰੋਗੀਆਂ ਉੱਤੇ ਹੱਥ ਰੱਖ ਕੇ ਉਸਨੇ ਉਨ੍ਹਾਂ ਨੂੰ ਚੰਗਿਆਂ ਕੀਤਾ'' (ਮਰਕੁਸ 6:5)। ਜਦ ਵੀ ਬਾਈਬਲ ਇਹ ਆਖਦੀ ਹੈ ਕਿ ਪਰਮੇਸ਼ੁਰ (ਜਾਂ ਯਿਸੂ) ਕੋਈ ਕੰਮ ਨਹੀਂ ਕਰ ਸਕਿਆ, ਤਾਂ ਇਹ ਸਮਝ ਲਓ ਕਿ ਇਸ ਦਾ ਮਤਲਬ ''ਇਹ ਕਰਨਾ ਉਸ ਦੀ ਮਰਜ਼ੀ ਅਤੇ ਮਕਸਦ *ਨਾਲ ਮੇਲ* ਖਾਂਦਾ ਨਹੀਂ ਹੋਵੇਗਾ'' ਹੈ। [33]ਜੋਇ ਬਾਰਨਟ, *ਲਿਵ! ਵਿਦ ਪੀਸ, ਪਾਵਰ ਐਂਡ ਪਰਪਜ਼,* ਟਵੰਟਿਅਥ ਸੈਂਚਰੀ ਸਰਮੰਜ਼ ਸੀਰੀਜ਼, ਜਿਲਦ 11 (ਅਬਿਲੇਨ, ਟੈਕਸਸ: ਬਿਬਲੀਕਲ ਰਿਸਰਚ ਪ੍ਰੈੱਸ, 1978), 118–25.